## ਸੰਤ (ਸੱਯਦ) ਪ੍ਰਿਥੀਪਾਲ ਸਿੰਘ ਉਰਫ਼ ਮੁਸ਼ਤਾਕ ਹੁਸੈਨ ਸ਼ਾਹ (ਸਿੱਖ ਧਰਮ ਨੂੰ ਵਿਸ਼ੇਸ਼ ਦੇਣ ਹੈ)



Sant Syed Prithipal Singh (1902 - 1969)

**ਜਨਮ:-** 1902 ਵਿੱਚ ਮੀਰਪੁਰ (ਕਸ਼ਮੀਰ) ਦੇ ਇਕ ਅਮੀਰ ਮੁਸਲਿਮ ਪਰਿਵਾਰ ਵਿੱਚ ਹੋਇਆ। ਉਸ ਦੇ ਦਾਦਾ ਪੀਰ ਜ਼ਬਾਕੁਰ ਸ਼ਾਹ ਕਸ਼ਮੀਰ ਦੇ ਮਹਾਰਾਜਾ ਪ੍ਰਤਾਪ ਸਿੰਘ ਦੇ ਰਾਜ ਵਿੱਚ ਇਕ ਮੰਤਰੀ ਸਨ। ਉਸਦੇ ਪਿਤਾ ਪੀਰ ਮੁਜਫਰ ਹੁਸੈਨ ਸ਼ਾਹ, ਫਾਰਸੀ ਅਤੇ ਅਰਬੀ ਦੇ ਪ੍ਰਸਿੱਧ ਵਿਦਵਾਨ ਸਨ।

1927 ਵਿੱਚ ਦੋਵੇਂ ਪਿਤਾ ਅਤੇ ਪੁੱਤਰ ਹੱਜ ਯਾਤਰਾ ਲਈ ਮੱਕੇ ਗਏ। ਮੁਸ਼ਤਾਕ 'ਮੀਨਾ ਯੂਨੀਵਰਸਿਟੀ' ਮਦੀਨਾ ਵਿੱਚ ਮੌਲਵੀ ਬਨਣ ਲਈ ਦਾਖਲ ਹੋ ਗਿਆ। ਯੂਨੀਵਰਸਿਟੀ ਦੀ ਲਾਇਬਰੇਰੀ ਵਿਚੋਂ ਮੁਸ਼ਤਾਕ ਨੂੰ ਇਕ ਫ਼ਾਰਸੀ ਵਿੱਚ ਹੱਥ-ਲਿਖਤ ਪੁਸਤਕ " ਸਯਾਹਤੋ ਬਾਬਾ ਨਾਨਕ ਸ਼ਾਹ ਫਕੀਰ" ਤਾਜੁਦੀਨ ਨਕਸ਼ਬੰਦੀ ਦੀ ਫਾਰਸੀ/ਅਰਬੀ ਵਿੱਚ ਲਿਖੀ ਹੋਈ ਮਿਲੀ।

ਗੁਰੂ ਨਾਨਕ ਦੇਵ ਜੀ ਦੀਆਂ ਯਾਤਰਾਵਾਂ ਬਾਰੇ ਤਾਜੁਦੀਨ ਦੀ ਡਾਇਰੀ ਪੜ੍ਹ ਕੇ ਮੁਸ਼ਤਾਕ ਹੁਸੇਨ ਨੇ ਆਪਣੀ ਮਾਨਸਿਕਤਾ ਵਿੱਚ ਕੁਠ ਤਬਦੀਲੀ ਮਹਿਸੂਸ ਕੀਤੀ। ਇਸ ਖਰੜੇ ਵਿੱਚ ਇਕ ਮੁਸਲਮਾਨ ਬੀਬੀ, **ਸਲੀਮਾ** ਨੂੰ ਬ੍ਰਹਮ ਗਿਆਨ ਹੋ ਜਾਣ ਦਾ ਪ੍ਰਸੰਗ ਹੈ। ਜਿਸ ਨੇ ਉਸ ਦੇ ਜੀਵਨ ਨੂੰ ਬਦਲ ਕੇ ਰਖ ਦਿੱਤਾ।

### ਸਾਖੀ, ਬੀਬੀ ਸਲੀਮਾਂ

ਉੱਥੇ ਕੀਰਤਨ ਕਰਨ ਸਮੇਂ ਇਕ ਬੁਰਕੇ ਵਾਲੀ **ਸਲੀਮਾ ਨਾਂ ਦੀ ਬੀਬੀ** ਹਰ ਰੋਜ਼ ਚੁੱਪ ਚਾਪ ਕੀਰਤਨ ਸੁਣ ਕੇ ਲੰਗਰ ਵਿੱਚ ਸੇਵਾ ਕਰਕੇ ਚਲੀ ਜਾਂਦੀ। ਇਕ ਦਿਨ ਤੜਕ ਸਾਰ ਗੁਰੁਦੇਵ ਜੀ ਨੇ ਕੀਰਤਨ ਦੀ ਸਮਾਪਤੀ ਤੋਂ ਪਹਿਲਾਂ ਹੀ ਉਸ ਨੂੰ ਆਪਣੇ ਪਾਸ ਬੁਲਾ ਕੇ ਘਰ ਜਾਣ ਲਈ ਕਿਹਾ ਅਤੇ **ਅਸੀਸ ਦਿੱਤੀ, "ਸਲੀਮਾ ਪੁੱਤਰ! ਜੋ ਤੇਰੇ ਅੰਦਰ ਹੈ ਉਸ ਨੂੰ ਸੰਭਾਲ ਕੇ ਰੱਖਣਾ"। ਗੁਰੂ ਜੀ ਦੀ ਇਸ ਅਸੀਸ ਸਦਕਾ ਉਹ ਬ੍ਰਹਮਗਿਆਨੀ ਹੋ ਗਈ।**

ਘਰ ਪਹੁੰਚਣ ਤੋਂ ਪਹਿਲਾਂ ਹੀ ਉਸ ਦਾ ਖਾਵੰਦ (ਘਰ ਵਾਲਾ), ਜੋ ਇਕ ਵਪਾਰੀ ਸੀ, ਆਇਆ ਬੈਠਾ ਸੀ। ਉਸ ਨੂੰ ਗੁੱਸੇ ਹੋਣ ਲੱਗਾ ਕਿ ਉਹ ਇਸ ਵੇਲੇ ਕਿੱਥੋਂ ਆਈ ਹੈ। ਸਲੀਮਾ ਚੁੱਪ ਰਹੀ। ਉਲਟਾ ਉਸ ਨੂੰ ਪੁੱਛਣ ਲੱਗੀ ਕਿ ਜਿਹੜਾ ਤੁਹਾਡੇ ਕੋਲੋਂ ਮਿਸਰ ਦੇਸ਼ ਵਿੱਚ ਕਤਲ ਹੋਇਆ ਸੀ, ਉਸ ਦਾ ਕੀ ਬਣਿਆ ਅਤੇ ਮੇਰੇ ਪੁੱਛੇ ਬਗੈਰ ਤੁਸੀਂ ਘਰੋਂ ਮੋਹਰਾਂ ਕਿਉਂ ਲੈ ਗਏ ਸੀ। ਉਹ ਕਿੱਥੇ ਹਨ?"

ਘਰ ਵਾਲਾ, ਜਿਸ ਦਾ ਨਾਮ **'ਜਾਜਾ ਗੁਲਾਮ'** ਸੀ ਬਹੁਤ ਹੈਰਾਨ ਹੋਇਆ ਕਿਉਂ ਜੋ ਉਸ ਨੇ ਤਾਂ ਇਸ ਕਤਲ ਬਾਰੇ ਕਦੇ ਉਸ ਨਾਲ ਗੱਲ ਵੀ ਨਹੀਂ ਕੀਤੀ ਸੀ। ਫਿਰ ਉਸ ਨੂੰ ਕਤਲ ਬਾਰੇ ਕਿਵੇਂ ਪਤਾ ਲੱਗਾ। ਭੈ ਭੀਤ ਹੋ ਕੇ ਉਸ ਨੇ ਆਪਣੀ ਸਾਰੀ ਹੱਡ ਬੀਤੀ ਕਹਿ ਸੁਣਾਈ।

"**ਮਿਸਰ ਦੇਸ਼** ਵਿੱਚ ਕਿਸੇ ਨੇ ਮੇਰੇ ਊਠ ਨੂੰ ਮਾਰਿਆ, ਮੈਂ ਕਰੋਧ ਵਿੱਚ ਆ ਕੇ ਉਸ ਨੂੰ ਕਤਲ ਕਰ ਦਿੱਤਾ। ਉੱਥੋਂ ਦੇ ਜੱਜ ਨੇ ਸਜ਼ਾ ਸੁਣਾਈ ਕਿ ਇੱਥੇ ਮੌਤ ਦੇ ਬਦਲੇ ਮੌਤ ਦੀ ਸਜ਼ਾ ਹੁੰਦੀ ਹੈ। ਜੇ ਤੂੰ ਬਚਣਾ ਚਾਹੁੰਦਾ ਹੈਂ ਤਾਂ ਢੇਰ ਸਾਰੀਆਂ ਮੋਹਰਾਂ ਦੇ ਕੇ ਬਚ

ਸਕਦਾ ਹੈਂ। ਮੈਂ ਕਿਹਾ ਕਿ ਮੈਂ ਆਪਣੇ ਘਰੋਂ ਲਿਆ ਕੇ ਮੋਹਰਾਂ ਦੇ ਸਕਦਾ ਹਾਂ। ਪਰ ਉਸ ਦੇਸ਼ ਵਿੱਚ ਮੇਰਾ ਕੋਈ ਜਾਣ ਪਹਿਚਾਣ ਵਾਲਾ ਨਾ ਹੋਣ ਕਰਕੇ ਕੋਈ ਜ਼ਮਾਨਤੀ (**ਜਾਮਨੀ ਦੇਣ ਵਾਲਾ**) ਨਹੀਂ ਸੀ, ਮੈਂ ਬਹੁਤ ਮਾਯੂਸ ਹੋ ਗਿਆ ਤਾਂ ਕੋਰਟ ਵਿੱਚ ਇਕ ਭਲਾ ਪੁਰਸ਼ ਆਇਆ ਜਿਸ ਨੇ ਮੇਰੀ ਜਾਮਨੀ ਦੇ ਦਿਤੀ। ਇਸ ਲਈ ਮੈਂ ਘਰੋਂ ਆ ਕੇ ਮੋਹਰਾਂ ਲੈ ਗਿਆ। ਮੈਂ ਕੋਰਟ ਵਿੱਚ ਪਹੁੰਚਿਆ ਤਾਂ ਉਹ ਪੁਰਸ਼ ਮੇਰੀ ਉਡੀਕ ਰਿਹਾ ਸੀ। ਜਿਉਂ ਹੀ ਮੈਂ ਮੋਹਰਾਂ ਦੇ ਕੇ ਬਰੀ ਹੋ ਕੇ, ਕੋਰਟ ਵਿੱਚੋਂ ਬਾਹਰ ਨਿਕਲਿਆ ਤਾਂ ਸੋਚਿਆ ਕਿ ਉਸ ਭਲੇ ਪੁਰਸ਼ ਦਾ ਧੰਨਵਾਦ ਕਰਾਂ। ਪਰ ਉਹ ਮੈਨੂੰ ਕਿਧਰੇ ਨਾ ਦਿਸਿਆ।"

ਅਗਲੀ ਸਵੇਰ ਨੂੰ ਉਹ ਦੋਵੇਂ, ਮੀਆਂ ਬੀਵੀ, ਕੀਰਤਨ ਸਰਵਣ ਕਰਨ ਪਹੁੰਚੇ ਤਾਂ ਜਾਜਾ ਗੁਲਾਮ ਬਾਬਾ ਨਾਨਕ ਜੀ ਨੂੰ ਸਾਹਮਣੇ ਬੈਠਿਆਂ ਵੇਖ ਕੇ ਬੋਲ ਉੱਠਿਆ ਕਿ **ਇਹ ਬਾਬਾ ਜੀ ਤਾਂ ਉਹੀ ਹਨ ਜਿਨ੍ਹਾਂ ਨੇ ਮਿਸਰ ਵਿੱਚ ਮੇਰੀ ਜਮਾਨਤ ਦਿੱਤੀ ਸੀ।** ਉਹ ਗੁਰੂਦੇਵ ਜੀ ਦੇ ਚਰਨਾਂ ਤੇ ਢਹਿ ਪਿਆ ਅਤੇ ਮੁਆਫੀ ਮੰਗਣ ਲੱਗਾ। ਗੁਰੂਦੇਵ ਜੀ ਨੇ ਉਨ੍ਹਾਂ ਨੂੰ ਅਸ਼ੀਰਵਾਦ ਦਿੱਤਾ। ਉਹ ਦੋਵੇਂ ਮੀਆਂ ਬੀਵੀ ਗੁਰੂ ਜੀ ਦੇ ਸਿੱਖ (ਚੇਲੇ) ਬਣ ਗਏ। ਮੁਸ਼ਤਾਕ ਹੁਸੈਨ ਪ੍ਰਭਾਵਤ ਹੋ ਕੇ

ਸਿੱਖ ਧਰਮ ਨੂੰ ਅਪਨਾਉਣਾ ਚਾਹੁੰਦਾ ਸੀ। ਆਪਣੇ ਪਿਤਾ ਦੀਆਂ ਰੁਕਾਵਟਾਂ ਦੇ ਬਾਵਜੂਦ, ਮੁਸ਼ਤਾਕ ਗੁਰੂ ਨਾਨਕ ਦੇ ਮਾਰਗ ਤੇ ਚੱਲਣ ਤੋਂ ਪਿੱਛੇ ਨਾ ਹਟਿਆ।

ਮੁਸ਼ਤਾਕ ਨੇ ਸਾਊਦੀ ਅਰਬ ਵਿੱਚ 3 ਸਾਲ ਰਹਿ ਕੇ ਅਰਬੀ, ਫਾਰਸੀ ਵਿੱਚ ਇਸਲਾਮ ਦਾ ਗਿਆਨ ਪ੍ਰਾਪਤ ਕੀਤਾ।

ਭਾਰਤ ਪਰਤਣ ਤੇ ਮੁਸ਼ਤਾਕ ਸਿੱਖੀ ਨੂੰ ਅਪਣਾਉਣ ਲਈ ਬੇਚੈਨ ਹੋ ਰਿਹਾ ਸੀ। ਪਰ ਉਸ ਦਾ ਪਰਿਵਾਰ ਰੁਕਾਵਟਾਂ ਖੜ੍ਹੀਆਂ ਕਰ ਰਿਹਾ ਸੀ। ਪ੍ਰੰਤੂ ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਯਾਦਗਾਰਾਂ ਜੋ ਇਸਲਾਮ ਦੇ ਪਵਿੱਤਰ ਸ਼ਹਿਰਾਂ ਵਿੱਚ ਬਣੀਆ ਹੋਇਆ ਸਨ। ਉਨ੍ਹਾਂ ਥਾਵਾਂ ਦੇ ਦਰਸ਼ਨ ਕਰ ਕੇ ਉਹ ਬਹੁਤ ਪ੍ਰਭਾਵਤ ਹੋਇਆ। ਉੱਥੇ ਰਹਿੰਦਿਆਂ ਉਸ ਨੇ ਦੋ ਹੋਰ ਪੁਸਤਕਾਂ:- (1) ਤਵਾਰੀਖ-ਏ-ਅਰਬ- by zainul Abidinand (2) ਗੁਨੀਯਾਤ-ਉਤ-ਸਾਲੇਹਿਨ by Abdul Rehman ਪੜੀਆਂ। ਇਹ ਦੋਵੇਂ ਲੇਖਕ ਨਾਨਕ ਪੰਥੀ ਅਖਵਾਉਂਦੇ ਸਨ।

ਇਕ ਰਾਤ ਨੂੰ ਉਹ ਆਪਣੀ ਪਤਨੀ ਅਤੇ ਪੁੱਤਰ ਨੂੰ ਨਾਲ ਲੈ ਕੇ ਘਰੋਂ ਭੱਜ ਕੇ ਲਾਹੌਰ ਵਿੱਚ ਗੁਰਦੁਆਰਾ ਡੇਰਾ ਸਾਹਿਬ ਪਹੁੰਚ ਗਿਆ। ਉਹ ਹੈੱਡ ਗ੍ਰੰਥੀ ਗਿਆਨੀ ਅੱਛਰ ਸਿੰਘ ਨੂੰ ਮਿਲਿਆ ਅਤੇ ਸਿੱਖੀ ਧਾਰਨ ਕਰਨ ਲਈ ਬੇਨਤੀ ਕੀਤੀ। ਜਥੇਦਾਰ ਨੇ ਉਸ ਦੇ ਇਰਾਦਿਆਂ ਨੂੰ ਪਰਖਣਾ ਚਾਹਿਆ ਅਤੇ ਉਸ ਨੂੰ ਅੰਮ੍ਰਿਤਸਰ ਭੇਜ ਦਿੱਤਾ। ਦੇਰ ਨਾਲ ਪਹੁੰਚਣ ਕਾਰਨ ਉਹ ਅਕਾਲ ਤਖਤ ਸਾਹਿਬ ਤੋ ਅੰਮ੍ਰਿਤਪਾਨ ਨਾ ਕਰ ਸਕਿਆ।

ਤਿੰਨ ਮਹੀਨੇ ਦੋਵਾਂ ਪਤੀ-ਪਤਨੀ ਨੇ ਬਹੁਤ ਨਿਮਰਤਾ ਸਹਿਤ ਲਾਹੌਰ ਦੇ ਗੁਰਦੁਆਰਾ ਡੇਰਾ ਸਾਹਿਬ ਵਿੱਚ ਸਿੱਖ ਸੰਗਤ ਦੀ ਤਨੋ ਮਨੋ ਸੇਵਾ ਕੀਤੀ। ਮਈ 1935 ਵਿੱਚ ਉਨ੍ਹਾਂ ਨੂੰ ਅੰਮ੍ਰਿਤ ਛਕਾ ਕੇ ਖਾਲਸਾ ਪੰਥ ਵਿੱਚ ਦਾਖਲ ਕਰ ਲਿਆ ਗਿਆ।

ਹੁਣ ਉਹ ਮੁਸ਼ਤਾਕ ਹੁਸੈਨ ਸ਼ਾਹ ਤੋਂ ਸੰਤ ਸਈਯਦ ਪ੍ਰਿਥੀਪਾਲ ਸਿੰਘ ਬਣ ਗਿਆ।

ਉਸਨੇ ਗੁਰਮੁਖੀ ਲਿਪੀ ਵਿੱਚ ਪੰਜਾਬੀ ਸਿੱਖਣੀ ਸ਼ੁਰੂ ਕਰ ਦਿੱਤੀ ਅਤੇ ਜਲਦੀ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰਬਾਣੀ ਦਾ ਸੂਝਵਾਨ ਕਥਾਕਾਰ ਬਣ ਗਿਆ। ਉਸ ਨੂੰ ਇਸਲਾਮੀ ਕੱਟੜਪੰਥੀਆਂ ਤੋਂ ਬਹੁਤ ਸਾਰੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪਿਆ। ਪਰ ਸਿੱਖ ਸੰਗਤਾਂ ਵਿੱਚ ਉਸ ਦੀ ਪ੍ਰਸਿੱਧੀ ਵਧ ਗਈ।

ਗਿਆਨੀ ਗੁਰਮੁੱਖ ਸਿੰਘ ਮੁਸਾਫਿਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਸਕੱਤਰ ਬਣੇ ਤਾਂ ਉਨ੍ਹਾਂ ਨੇ ਗੁਰਦੁਆਰਾ ਚੂਨਾਮੰਡੀ, ਲਾਹੌਰ ਦੇ ਵਿਵਾਦ ਨੂੰ ਸੁਲਝਾਉਣ ਲਈ ਪ੍ਰਿਥੀਪਾਲ ਸਿੰਘ ਨੂੰ ਭੇਜਿਆ। ਉਸ ਨੇ ਕੁਝ ਅਰਬੀ

ਦਸਤਾਵੇਜ਼ਾਂ ਦੇ ਆਧਾਰ ਤੇ ਆਪਣੀਆਂ ਦਲੀਲਾਂ ਦੇ ਕੇ ਅਦਾਲਤ ਨੂੰ ਯਕੀਨ ਦਿਵਾਇਆ ਅਤੇ ਕੇਸ ਦਾ ਫੈਸਲਾ ਲਾਹੌਰ ਦੇ ਸਿੱਖਾਂ ਦੇ ਹੱਕ ਵਿਚ ਹੋ ਗਿਆ। ਉਪ੍ਰੰਤ ਉਸ ਨੂੰ ਸੰਤ ਹੋਣ ਦਾ ਮਾਣ ਵੀ ਪ੍ਰਾਪਤ ਹੋਇਆ।

ਉਸ ਨੇ ਦਰਿਆ ਸਤਲੁਜ ਦੇ ਕੰਢੇ, ਬਿਭੌਰ ਸਾਹਿਬ ਬੈਠ ਕੇ ਆਪਣੀਆਂ ਯਾਦਾਂ ਭਰੀ ਪੁਸਤਕ 'ਸਯਾਹਤੇ ਬਾਬਾ ਨਾਨਕ ਸ਼ਾਹ ਫਕੀਰ' ਲਿਖੀ ਪ੍ਰੰਤੂ ਛਪਵਾ ਨਾ ਸਕਿਆ। ਜੋ ਪਿੱਛੋਂ ਪ੍ਰੋ. ਹਿੰਮਤ ਸਿੰਘ ਜੀ ਨੇ ਉੱਦਮ ਕਰਕੇ ਛਪਵਾਈ।

ਉਨ੍ਹਾਂ ਦਾ ਪੜਪੋਤਾ ਪਟਿਆਲੇ ਵਿੱਚ ਰਹਿੰਦਿਆਂ ਸਿੱਖੀ ਜੀਵਨ ਜੀ ਰਿਹਾ ਹੈ।

**ਯੋਰੋਸ਼ਲਮ (ਇਜ਼ਰਾਈਲ);** ਗੁਰੂ ਜੀ ਸਾਥੀਆਂ ਸਮੇਤ ਮਦੀਨਾ ਤੋਂ 1000 ਕਿ.ਮੀ. ਚੱਲ ਕੇ ਜੌਰਡਨ ਦੇ ਕਈ ਸ਼ਹਿਰਾਂ ਵਿੱਚ ਰੁਕ ਕੇ 400 ਕਿ.ਮੀ. ਹੋਰ ਚਲ ਕੇ ਯੋਰੋਸ਼ਲਮ ਜਾ ਪਹੁੰਚੇ। ਇਹ ਨਗਰ ਜੁਦਾਇਜ਼ਮ, ਇਸਲਾਮ ਤੇ ਇਸਾਈ ਸੰਸਕ੍ਰਿਤੀ ਦਾ ਮਿਲਿਆ ਜੁਲਿਆ ਕੇਂਦਰ ਹੈ। ਉੱਥੋਂ ਦੇ ਲੋਕ ਅਲਾਹੀ ਕੀਰਤਨ ਦਾ ਆਨੰਦ ਮਾਨਣ ਲਈ ਗੁਰੂ ਜੀ ਕੋਲ ਆ ਬੈਠੇ।



3500 ਬੀ.ਸੀ.ਈ. ਵਿੱਚ ਵੱਸਿਆ ਸ਼ਹਿਰ

ਉਸ ਸਮੇਂ ਇਸ ਅਲਾਹੀ ਸ਼ਬਦ ਦਾ ਗਾਇਨ ਹੋ ਰਿਹਾ ਸੀ।

"ਜੇਤੇ ਜੀਅ ਤੇਤੇ ਸਭਿ ਤੇਰੇ ਵਿਣੁ ਸੇਵਾ ਫਲੁ ਕਿਸੈ ਨਾਹੀ॥ ਦੁਖੁ ਸੁਖੁ ਭਾਣਾ ਤੇਰਾ ਹੋਵੈ ਵਿਣੁ ਨਾਵੈ ਜੀਉ ਰਹੈ ਨਾਹੀ॥੪॥ ਅੰਗ- 355

ਈਸਾ ਮਸੀਹ ਦਾ ਜਨਮ-ਅਸਥਾਨ ਹੋਣ ਦੇ ਕਾਰਨ ਉਨ੍ਹਾਂ ਦੇ ਚੇਲਿਆਂ ਦੁਆਰਾ ਆਪ ਜੀ ਦੀ ਸ਼ਾਨਦਾਰ ਪ੍ਰਾਹੁਣਚਾਰੀ ਹੋਈ । ਆਪਸੀ ਪ੍ਰੇਮ ਪਿਆਰ ਦੀਆਂ ਭਾਵਨਾਵਾਂ ਨੂੰ ਵਧਾਉਣ ਲਈ ਵਿਚਾਰ ਵਟਾਂਦਰਾ ਕੀਤਾ ਗਿਆ। ਗੁਰੁਦੇਵ ਜੀ ਨੇ ਕਿਹਾ, "ਪ੍ਰੇਮ ਦਾ ਮਾਰਗ ਹੀ ਕਲਿਆਣਕਾਰੀ ਹੈ। ਜੋ ਲੋਕ ਪ੍ਰੇਮ, ਸੇਵਾ ਅਤੇ ਪ੍ਰਾਰਥਨਾ ਵਿੱਚ ਵਿਸ਼ਵਾਸ ਰੱਖਦੇ ਹਨ, ਉਹ ਪ੍ਰਭੂ ਦੀ ਨੇੜਤਾ ਪ੍ਰਾਪਤ ਕਰ ਲੈਂਦੇ ਹਨ। ਸਿਧਾਂਤ, ਕੇਵਲ ਮਾਨਵ ਹਿਰਦੇ ਦੀ ਸ਼ੁੱਧੀ ਕਰਕੇ ਉਸ ਨੂੰ ਪਰਮ ਤੱਤ ਪ੍ਰਾਪਤ ਕਰਨ ਲਈ ਉਕਸਾਉਂਦੇ ਹਨ। ਇਸ ਦੀ ਪ੍ਰਾਪਤੀ ਲਈ ਸਿਮਰਨ ਅਰਥਾਤ ਚਿੰਤਨ ਕਰਨਾ ਜ਼ਰੂਰੀ ਹੈ। ਸਿਮਰਨ ਹੀ ਮਨੁੱਖਾ ਜਨਮ ਦਾ ਮੂਲ ਉਦੇਸ਼ ਹੈ।" ਇਸ ਤਰ੍ਹਾਂ ਇਸਾਈ ਭਾਈਚਾਰੇ ਦੀ ਤਸੱਲੀ ਕਰਵਾ ਕੇ ਕੁਝ ਦਿਨ ਉੱਥੇ ਰਹਿ ਕੇ ਗੁਰੁਦੇਵ ਜੀ ਅੱਗੇ ਚੱਲ ਪਏ।

ਨੋਟ:- ਯੋਰੋਸ਼ਲਮ ਸ਼ਹਿਰ, ਦੋ ਹਿੱਸਿਆਂ ਵਿੱਚ ਵੰਡਿਆ ਹੋਇਆ ਹੈ। ਪੁਰਾਣਾ ਸ਼ਹਿਰ ਜੌਰਡਨ ਦੇਸ਼ ਦੀ ਰਾਜਧਾਨੀ ਹੈ ਅਤੇ ਨਵਾਂ ਵੱਸਿਆ ਸ਼ਹਿਰ ਇਜ਼ਰਾਈਲ ਦੀ ਰਾਜਧਾਨੀ ਹੈ।

**ਕਾਹਿਰਾ (ਮਿਸਰ);** ਗੁਰੂ ਜੀ ਸਾਥੀਆਂ ਸਮੇਤ ਅਜੋਕੀ ਸੁਏਜ਼ ਨਹਿਰ (Sues Canal) ਵਾਲੀ ਥਾਂ ਤੋਂ ਲੰਘ ਕੇ ਮਿਸਰ ਦੇਸ਼ ਦੀ ਰਾਜਧਾਨੀ ਕਾਹਿਰਾ ਪਹੁੰਚੇ, ਇਹ ਸ਼ਹਿਰ ਨੀਲ ਨਦੀ ਦੇ ਕਿਨਾਰੇ ਵੱਸਿਆ ਹੋਇਆ ਹੈ।



ਉਨ੍ਹਾਂ ਦਿਨਾਂ ਵਿੱਚ ਉੱਥੇ ਸਮਰਾਟ ਹਮੀਦ (ਜਿਸ ਨੂੰ ਕਾਰੂ ਬਾਦਸ਼ਾਹ ਕਿਹਾ ਜਾਂਦਾ ਹੈ) ਦਾ ਰਾਜ ਸੀ। ਜਿਸ ਦਾ ਮੁੱਖ ਉਦੇਸ਼ ਜਨਤਾ ਦਾ ਸ਼ੋਸ਼ਣ ਕਰਕੇ ਧਨ ਇਕੱਠਾ ਕਰਨਾ ਸੀ। ਰਾਸ਼ਟਰੀ ਆਮਦਨ ਵਿੱਚੋਂ ਜਨਤਾ ਦੀ ਭਲਾਈ ਅਥਵਾ ਨਾਗਰਿਕ ਸੁੱਖ ਸਹੂਲਤਾਂ ਲਈ ਸਮਰਾਟ ਹਮੀਦ ਕੁਝ ਵੀ ਖਰਚ ਨਹੀਂ ਕਰਦਾ ਸੀ। ਇਸ ਲਈ ਆਮ ਲੋਕਾਂ ਦਾ ਜੀਵਨ ਕਸ਼ਟਾਂ ਭਰਿਆ ਸੀ।



ਉਹ ਮਸਜਿਦ ਜਿਸ ਵਿੱਚ ਗੁਰੂ ਜੀ ਤੇ ਮਰਦਾਨਾ ਜੀ ਠਹਿਰੇ, ਕਾਹਿਰਾ

ਇਸ ਲਈ ਜਨਤਾ ਸਮਰਾਟ ਨੂੰ **'ਕੰਜੂਸ'** ਬਾਦਸ਼ਾਹ ਕਹਿੰਦੀ ਸੀ। **'ਕੰਜੂਸ' ਨੂੰ ਮਿਸਰੀ ਭਾਸ਼ਾ ਵਿੱਚ 'ਕਾਰੂ'** ਕਹਿੰਦੇ ਹਨ। ਇਸ ਤਰ੍ਹਾਂ ਬਾਦਸ਼ਾਹ ਦਾ ਨਾਂ ਹਮੀਦ ਕਾਰੂ ਪੈ ਚੁੱਕਾ ਸੀ। ਪਰ ਉਹ ਦਰਵੇਸ਼ਾਂ, ਫਕੀਰਾਂ ਆਦਿ ਦਾ ਸਨਮਾਨ ਜ਼ਰੂਰ ਕਰਦਾ ਸੀ।

ਗੁਰੂਦੇਵ ਜੀ ਜਦੋਂ ਉਸ ਨਗਰ ਵਿੱਚ ਪਹੁੰਚੇ ਤਾਂ ਸਰਕਾਰੀ ਅਧਿਕਾਰੀਆਂ ਨੇ ਗੁਰੂਦੇਵ ਜੀ ਨੂੰ ਸਾਰੀ ਵਿਥਿਆ ਸੁਣਾਈ ਅਤੇ ਬੇਨਤੀ ਕੀਤੀ ਕਿ ਉਹ ਕਿਸੇ ਤਰੀਕੇ ਨਾਲ ਬਾਦਸ਼ਾਹ ਨੂੰ ਧਨ ਦੇ ਲਾਲਚ ਤੋਂ ਮੁਕਤੀ ਦਿਵਾਉਣ।

ਅਗਲੇ ਦਿਨ, ਗੁਰੂ ਜੀ ਰਾਜਮਹਿਲ ਜਾ ਪਹੁੰਚੇ ਅਤੇ ਉੱਥੇ ਇਸ ਅਲਾਹੀ ਸ਼ਬਦ ਦਾ ਕੀਰਤਨ ਆਰੰਭ ਕਰ ਦਿੱਤਾ।

ਦਰ ਘਰ ਮਹਲਾ ਸੋਹਣੇ ਪਕੇ ਕੋਟ ਹਜਾਰ॥ ਹਸਤੀ ਘੋੜੇ ਪਾਖਰੇ ਲਸਕਰ ਲਖ ਅਪਾਰ॥ ਕਿਸ ਹੀ ਨਾਲਿ ਨ ਚਲਿਆ ਖਪਿ ਖਪਿ ਮੁਏ ਅਸਾਰ॥ ਸੁਇਨਾ ਰੁਪਾ ਸੰਚੀਐ ਮਾਲੁ ਜਾਲੁ ਜੰਜਾਲੁ ॥" ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ-੬੩ ਅਤੇ

"ਮਾਇਆ ਮਾਇਆ ਕਰਿ ਮੁਏ ਮਾਇਆ ਕਿਸੈ ਨ ਸਾਥਿ॥ ਹੰਸੁ ਚਲੈ ਉਠਿ ਡੁਮਣੋ ਮਾਇਆ ਭੂਲੀ ਆਥਿ॥" (ਅੰਗ-935) ਅਤੇ

"ਮੇਰੀ ਮੇਰੀ ਕਰਿ ਮੁਏ ਵਿਣੁ ਨਾਵੈ ਦੁਖੁ ਭਾਲਿ॥ ਗੜ ਮੰਦਰ ਮਹਲਾ ਕਹਾ ਜਿਉ ਬਾਜੀ ਦੀਬਾਣੁ॥" (ਅੰਗ-935) ਅਤੇ

"ਮੇਰੀ ਮੇਰੀ ਕਰਤ ਕਿਆ ਲੇ ਚਾਲੇ ਬਿਖੁ ਲਾਦੇ ਛਾਰ ਬਿਕਾਰਾ ਹੇ॥" ( ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੰਗ-1031)

ਕੀਰਤਨ ਉਪ੍ਰੰਤ **ਬਾਦਸ਼ਾਹ ਤੇ ਬੇਗਮ** ਨੇ ਗੁਰੂਦੇਵ ਜੀ ਤੋਂ ਸ਼ਬਦ ਦੇ ਭਾਵਅਰਥ ਅਤੇ ਪ੍ਰਵਚਨ ਸੁਣੇ। ਗੁਰੂਦੇਵ ਜੀ ਨੇ ਕਿਹਾ, "ਇਹ ਦ੍ਰਿਸ਼ਟਮਾਨ ਸਮੂਹ ਵਿਸ਼ਵ, ਝੂਠ ਦਾ ਪਸਾਰਾ ਹੈ। ਇੱਥੇ ਕੋਈ ਸਥਿਰ ਨਹੀਂ ਹੈ, ਸਾਰਿਆਂ ਨੇ ਇਕ ਨਾ ਇਕ ਦਿਨ ਇੱਥੋਂ ਤੁਰ ਜਾਣਾ ਹੈ। ਇਸ ਸੰਸਾਰ ਰੂਪੀ ਸਰਾਂ ਤੋਂ ਵਿਦਾ ਹੋਣ ਲਈ ਹਰ ਪਲ ਤਿਆਰ ਰਹਿਣਾ ਚਾਹੀਦਾ ਹੈ। ਸ਼ੁਭ ਗੁਣਾਂ ਦਾ ਭੰਡਾਰ ਇਕੱਠਾ ਕਰਨਾ ਚਾਹੀਦਾ ਹੈ ਜੋ ਕਿ ਪਰਲੋਕ ਵਿੱਚ ਵੀ ਸਹਾਈ ਹੋਵੇਗਾ।"

ਇਹ ਬਚਨ ਸੁਣ ਕੇ ਬਾਦਸ਼ਾਹ ਹਮੀਦ ਕਹਿਣ ਲੱਗਾ, "ਹੇ ਫਕੀਰ ਸਾਈਂ! ਤੁਸੀਂ ਕੋਈ ਸੇਵਾ ਦਾ ਮੌਕਾ ਬਖਸ਼ੋ।" ਤਦ ਗੁਰੂਦੇਵ ਜੀ ਨੇ ਉਸ ਨੂੰ ਇਕ **'ਸੂਈ'** (Needle) ਦਿੱਤੀ ਅਤੇ ਕਿਹਾ, **"ਤੁਸੀਂ ਇਸ ਨੂੰ ਸਾਡੀ ਅਮਾਨਤ ਸਮਝ ਕੇ ਰੱਖ ਲਓ, ਅਸੀਂ ਇਹ ਤੁਹਾਡੇ ਤੋਂ ਅਗਲੇ ਜਹਾਨ ਵਿੱਚ ਵਾਪਸ ਲੈ ਲਵਾਂਗੇ।"** ਇਹ ਸੁਣ ਕੇ ਬੁਧੀਮਾਨ ਬੇਗਮ ਬੋਲੀ,

"ਅਗਲੇ ਜਹਾਨ ਵਿੱਚ ਤਾਂ ਇਹ ਸਰੀਰ ਵੀ ਨਾਲ ਨਹੀਂ ਜਾਣਾ, ਇਹ ਸੂਈ ਕਿਵੇਂ ਨਾਲ ਜਾਏਗੀ?" ਇਸ ਦਲੀਲ ਨੂੰ ਸੁਣ ਕੇ ਬਾਦਸ਼ਾਹ, ਗੁਰੂਦੇਵ ਜੀ ਨੂੰ ਸੂਈ ਵਾਪਸ ਦੇ ਕੇ ਕਹਿਣ ਲੱਗਾ, "ਮੈਂ ਇਹ ਸੂਈ ਨਾਲ ਨਹੀਂ ਲਿਜਾ ਸਕਦਾ ਕਿਉਂਕਿ ਮੇਰਾ ਸਰੀਰ ਵੀ ਇੱਥੇ ਹੀ ਰਹਿ ਜਾਏਗਾ।"

ਤਦ ਗੁਰੂਦੇਵ ਜੀ ਬੋਲੇ, **"ਜਦ ਇਸ ਛੋਟੀ ਜਿਹੀ ਸੂਈ ਨੂੰ ਤੁਸੀਂ ਨਾਲ ਨਹੀਂ ਲਿਜਾ ਸਕਦੇ ਤਾਂ ਐਨਾ ਵਿਸ਼ਾਲ ਧਨ ਦਾ ਭੰਡਾਰ ਜੋ ਤੁਸੀਂ ਇਕੱਠਾ ਕੀਤਾ ਹੋਇਆ ਹੈ, ਉਸ ਨੂੰ ਉੱਥੇ ਕਿਵੇਂ ਲੈ ਕੇ ਜਾਉਗੇ?"** ਇਹ ਗੱਲ ਸੁਣਦਿਆਂ ਹੀ ਉਹ ਗੁਰੂਦੇਵ ਜੀ ਦੇ ਚਰਨਾਂ ਤੇ ਢਹਿ ਪਿਆ ਤੇ ਮੁਆਫੀ ਮੰਗਣ ਲੱਗਾ। ਗੁਰੂਦੇਵ ਜੀ ਨੇ ਉਸ ਨੂੰ ਉਪਦੇਸ਼ ਦਿੰਦੇ ਹੋਏ ਕਿਹਾ, "ਨੇਕ ਬਾਦਸ਼ਾਹ ਉਹੀ ਹੈ ਜੋ ਆਪਣੀ ਪਰਜਾ ਦੀ ਭਲਾਈ ਲਈ ਧਨ ਖਰਚ ਕਰੇ। ਪਰਜਾ ਦੀਆਂ ਦੁਆਵਾਂ ਦਰਗਾਹ ਵਿੱਚ ਤੁਹਾਡੀ ਸਹਾਇਤਾ ਕਰਨਗੀਆਂ।"

ਬਾਦਸ਼ਾਹ ਹਮੀਦ ਨੇ ਗੁਰੂਦੇਵ ਜੀ ਦੀ ਸਿੱਖਿਆ ਲੈਂਦਿਆਂ ਹੋਇਆਂ ਸਾਰਾ ਖਜ਼ਾਨਾ ਪਰਜਾ ਦੇ ਵਿਕਾਸ ਲਈ ਤੁਰੰਤ ਖਰਚ ਕਰਨ ਦੀ ਮਨਜ਼ੂਰੀ ਦੇ ਦਿੱਤੀ। ਉਸ ਦੀ ਪਰਜਾ ਦੇ ਗੁਰੂਦੇਵ ਜੀ ਦਾ ਧੰਨਵਾਦ ਕੀਤਾ।



ਬਾਦਸ਼ਾਹ ਹਮੀਦ (ਕਾਰੂ)

ਬਾਦਸ਼ਾਹ ਨੇ ਗੁਰੂ ਜੀ ਨੂੰ ਇਕ ਚੋਲਾ ਭੇਟ ਕੀਤਾ। ਉਸ ਉਪਰ ਅਰਬੀ ਭਾਸ਼ਾ ਵਿੱਚ, **ਲਾ ਹਿਲਾਇਲਾ ਅੱਲਾ ਸੁਭਾਨ ਕਾਨੀਕੁਨ ਤੂ ਮੀਂਨ ਜ਼ਲਮੀਨ** ਭਾਵ **ਕੇਵਲ ਇਕ ਪਰਮਾਤਮਾ ਦੀ ਪੂਜਾ ਕਰੋ, ਕੇਵਲ ਉਹ ਹੀ ਇਕੋ ਇਕ ਹਸਤੀ ਹੈ, ਜਿਸ ਨੇ ਮੇਰੇ ਵਰਗੇ ਗੁਨਾਹਗਾਰ ਨੂੰ ਬਖਸ਼ ਦਿੱਤਾ ਹੈ।** ਬਾਦਸ਼ਾਹ ਨੇ ਉਥੇ ਗੁਰੂਦੇਵ ਜੀ ਦੀ ਯਾਦਗਾਰ ਵੀ ਬਣਵਾਈ। ਉਥੋਂ ਦੀ ਸਮੂਹ ਜਨਤਾ ਨੇ ਗੁਰੂਦੇਵ ਜੀ ਦਾ ਧੰਨਵਾਦ ਕੀਤਾ ਅਤੇ ਉਨ੍ਹਾਂ ਦੀ ਸਿੱਖਿਆ ਤੇ ਚਲਣਾ ਸ਼ੁਰੂ ਕਰ ਦਿੱਤਾ। ਕੁਝ ਕੁ ਦਿਨ ਉਥੇ ਠਹਿਰਨ ਉਪ੍ਰੰਤ ਗੁਰੂ ਜੀ ਮਰਦਾਨਾ ਜੀ ਅਤੇ ਹੋਰ ਸਾਥੀਆਂ ਸਮੇਤ ਅੱਗੇ ਚੱਲ ਪਏ।



King Hameed offering Alms to Guru Ji

ਗੁਰੂ ਜੀ ਦੀ ਯਾਦ ਵਿੱਚ ਬਾਦਸ਼ਾਹ ਨੇ ਇਕ ਅਲ ਵਲੀ ਨਾਨਕ ਦਾ ਥੜਾ ਬਣਵਾਇਆ। ਉਸ ਨੇ ਰਾਜ ਭਾਗ ਆਪਣੇ ਪੁੱਤਰ ਨੂੰ ਸੰਭਾਲ ਕੇ ਫਕੀਰੀ ਜੀਵਨ ਜਿਉਂਣਾ ਸੁਰੂ ਕਰ ਦਿੱਤਾ।

ਜਦੋਂ ਸੁਣਾਨ ਨੂੰ ਜਾਂਦੀ ਸਿੱਖ ਪਲਟਨ (1885-86) ਉੱਥੇ ਰੁਕੀ ਤਾਂ ਉਨ੍ਹਾਂ ਨੇ ਗੁਰੂ ਜੀ ਦਾ ਥੜਾ ਲਭ ਕੇ ਦੀਵਾਨ ਸਜਾਏ ਅਤੇ 900 ਮਿਸਰੀ ਪੌਂਡ ਦਾ ਪ੍ਰਸ਼ਾਦ ਸੰਗਤ ਵਿੱਚ ਵਰਤਾਇਆ। ਉਹ ਸੂਈ ਵੀ ਉਥੇ ਸੰਭਾਲੀ ਹੋਈ ਹੈ।

(ਹਵਾਲਾ : ਭਾਈ ਹਰਫੂਲ ਸਿੰਘ ਕਸੂਰ (1925 ਈ.)



British and Indian Officers of the 6th Prince of Wales Bengal Lancers in Cairo, 1885



FORT OF CAIRO (EGYPT)

ਨੋਟ; ਕਿਹਾ ਜਾਂਦਾ ਹੈ ਕਿ ਕਾਰੂ ਬਾਦਸ਼ਾਹ ਨੇ ਧਨ ਇਕੱਠਾ ਕਰਨ ਦੇ ਲਾਲਚ ਵੱਸ ਕਬਰਾਂ ਪੁਟਵਾ ਕੇ ਮੁਰਦਿਆਂ ਦੇ ਮੂੰਹ ਵਿੱਚੋਂ ਇਕ ਇਕ ਦਮੜਾ (ਜੋ ਰਿਵਾਜ ਅਨੁਸਾਰ ਹਰ ਮੁਰਦੇ ਦੇ ਮੂੰਹ ਵਿੱਚ ਉਥੋਂ ਦੀ ਗਰੀਬ ਜਨਤਾ ਰੱਖਦੀ ਸੀ) ਵੀ ਕਢਵਾ ਲਿਆ ਸੀ।


Gijón
Santander
Bilbao
Oviedo
Lugo
Leon
Ourense
Burgos
Logroño
Pamplona
To France
Belgium
Asturia
Crocia Itly
Zaragoza
Lleida
Valladolid
Zamora
Salamanca
Segovia
Avila
Madrid
Teruel
Cuenca
Castellón de la Plana
Toledo
Cáceres
Guadalupe
Valencia
Merida
Badajoz
Ciudad Real
Albacete
Benidorm
Alicante
Elche
Sevilla
Murcia
Córdoba
Sevilla
Granada
Cartagena
Huelva
Málaga
Mt. Mulhacén 3,478 m
Almeria
Cádiz
Marbella
Gibraltar (U.K.)
Ceuta (Sp.)
Tangier
Melilla (Sp.)
MOROCCO
ਸਪੇਨ
From Egypt



St. Ignatius Of Loyola

**ਸਪੇਨ:-** ਗੁਰੂ ਜੀ ਸਾਥੀਆਂ ਸਮੇਤ ਕਾਹਿਰਾ ਤੋਂ **ਲਿਬੀਆ, ਟੂਨੇਸ਼ੀਆ, ਅਲਜੇਰੀਆ, ਮੁਰਾਕੋਂ ਦੇਸ਼ਾਂ** ਦੇ ਸ਼ਹਿਰਾਂ ਵਿੱਚ ਅਲਾਹੀ ਬਚਨ ਕਰਦਿਆਂ ਪੁਰਤਗਾਲ ਤੋਂ ਸਪੇਨ ਵਿੱਚ ਸਿਵੀਲੀ ਕਿਲੇ ਵਿੱਚ ਜਾ ਪਹੁੰਚੇ। ਇਸ ਯਾਤਰਾ ਸਮੇਂ ਆਪ ਜੀ ਨੂੰ **ਸੰਤ ਇਗਲੇਸ਼ੀਅਸ (1419-1556)** ਵੀ ਮਿਲੀਆ, ਜੋ ਵਿਚਾਰ ਵਟਾਂਦਰੇ ਉਪ੍ਰੰਤ ਗੁਰੂ ਜੀ ਦਾ ਸਿੱਖ ਬਣ ਗਿਆ। ਉਹ ਵੀ ਗੁਰੂ ਜੀ ਨਾਲ ਹੋ ਤੁਰਿਆ।

**ਉਸ ਸਮੇਂ ਪੁਰਤਗਾਲ, ਸਪੇਨ ਅਤੇ ਇਟਲੀ (ਰੋਮ) ਦੇ ਬਾਦਸ਼ਾਹ ਚਾਰਲਜ਼ ਪੰਜਵਾਂ ਵੀ ਉਸ ਕਿਲ੍ਹੇ ਵਿੱਚ ਹੀ ਰਹਿ ਰਿਹਾ ਸੀ।**

ਉਸ ਨੇ ਆਪਣੇ ਮਿੱਤਰ ਗੋਰੇਵੁਡ (Gorrevod) ਨੂੰ ਗੁਲਾਮਾਂ ਦਾ ਵਪਾਰ ਕਰਨ ਲਈ ਲਾਈਸੈਂਸ ਦਿੱਤਾ ਹੋਇਆ ਸੀ। ਗੋਰੇਵੁਡ (Gorrevod) ਨੇ ਬਹੁਤ ਸਾਰੇ ਭਾਰਤੀ ਗੁਲਾਮ ਇਕੱਠੇ ਕਰਕੇ ਸਪੇਨ ਦੇ ਕਿਲੇ ਵਿੱਚ ਰੱਖੇ ਹੋਏ ਸਨ। ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਮਰਦਾਨਾ ਜੀ ਵੀ ਉਨ੍ਹਾਂ ਵਿੱਚ ਜਾ ਰਲੇ। **ਗੁਰੂ ਜੀ ਇਸ ਘਿਨਾਉਣੀ ਪ੍ਰਥਾ ਨੂੰ ਖਤਮ ਕਰਨ ਲਈ ਉੱਥੇ ਗਏ ਸਨ।** ਗੁਰੂ ਜੀ ਅਤੇ ਸਾਰੇ ਗੁਲਾਮਾਂ ਦੇ ਹੱਥ ਰੱਸੀਆਂ ਨਾਲ ਬੰਨ੍ਹੇ ਹੋਏ ਸਨ। ਮੂੰਹ ਵੀ ਕੱਪੜੇ ਨਾਲ ਢੱਕੇ ਹੋਏ ਸਨ।

ਕਿਸੇ ਨਾ ਕਿਸੇ ਤਰ੍ਹਾਂ ਗੁਰੂ ਜੀ ਕਿਲ੍ਹੇ ਦੇ ਦੂਜਿਆਂ ਕਮਰਿਆਂ ਵਿੱਚ ਬੰਦੀ ਗੁਲਾਮਾਂ ਨੂੰ ਢਾਰਸ ਦੇਣ ਵਾਸਤੇ ਗਏ। ਇਕ ਗੁਲਾਮ ਇਸਤਰੀ ਅੱਗੇ ਆਈ। ਉਸ ਦੇ ਹੱਥ ਵੀ ਬੰਨ੍ਹੇ ਹੋਏ ਸਨ। ਉਸ ਨੇ ਗੁਰੂ ਜੀ ਦੇ ਹੱਥਾਂ ਤੇ ਬੰਨ੍ਹੀਆਂ ਰੱਸੀਆਂ ਆਪਣੇ ਦੰਦਾਂ ਨਾਲ ਕੱਟ ਦਿੱਤੀਆਂ। ਜਿਸ ਕਰਕੇ ਉਸ ਦੇ ਮੂੰਹ ਤੇ ਰੱਸੀਆਂ ਦਾ ਰੰਗ ਲੱਗ ਗਿਆ, ਉਸ ਇਸਤਰੀ ਨੂੰ ਇਸ ਹਾਲਤ ਵਿੱਚ ਵੇਖ ਕੇ ਸਾਰੇ ਗੁਲਾਮ ਉਸ ਤੇ ਸ਼ੱਕ ਕਰਨ ਲੱਗੇ ਕਿ ਉਸ ਦੇ ਹਿੰਦੁਸਤਾਨੀ ਸੰਤ (ਬਾਬਾ ਨਾਨਕ) ਨਾਲ ਅਵੈਧ ਸੰਬੰਧ ਹਨ ਅਤੇ ਉਸ ਔਰਤ ਨੂੰ ਲਾਹਨਤਾਂ ਪਾਉਣ ਲੱਗੇ। ਉਸ ਦੇ ਪਤੀ ਨੇ ਵੀ ਉਸ ਨੂੰ ਦੁਰਕਾਰਿਆ।



ਸਪੇਨ ਦਾ ਕਿਲਾ ਜਿਸ ਵਿੱਚ ਗੁਰੂ ਜੀ ਅਤੇ ਦੂਸਰੇ ਗੁਲਾਮਾਂ ਨੂੰ ਨਜ਼ਰ ਬੰਦ ਕੀਤਾ ਹੋਇਆ ਸੀ।

ਉਹ ਗੁਰੂ ਜੀ ਕੋਲ ਆ ਕੇ ਆਖਣ ਲੱਗੀ ਕਿ ਉਸ ਨੇ ਤਾਂ ਆਪ ਜੀ ਦੀ ਪ੍ਰਮਾਰਥਿਕ ਸਹਾਇਤਾ ਕੀਤੀ ਹੈ, ਪਰ ਲੋਕ ਅਤੇ ਉਸ ਦਾ ਘਰ ਵਾਲਾ ਉਸ ਨੂੰ ਦੁਰਾਚਾਰੀ ਕਹਿ ਰਹੇ ਹਨ।

ਗੁਰੂ ਜੀ ਨੇ ਇਸ ਪ੍ਰਥਾਇ ਇਹ ਅਲਾਹੀ ਸ਼ਬਦ ਉਚਾਰਿਆ:-

ਸਿਫਤੀ ਸਾਰ ਨ ਜਾਣਨੀ ਸਦਾ ਵਸੈ ਸੈਤਾਨੁ ॥ ਗਦਹੁ ਚੰਦਨਿ ਖਉਲੀਐ ਭੀ ਸਾਹੂ ਸਿਉ ਪਾਣੁ ॥

ਨਾਨਕ ਕੂੜੇ ਕਤਿਐ ਕੂੜਾ ਤਣੀਐ ਤਾਣੁ ॥ ਕੂੜਾ ਕਪੜੁ ਕਛੀਐ ਕੂੜਾ ਪੈਨਣੁ ਮਾਣੁ ॥੧॥" ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ- ੨੯੦

ਗੁਰੂ ਜੀ ਨੇ ਇਸ ਸਲੋਕ ਦੇ ਭਾਵ ਅਰਥ ਉਸ ਨੂੰ ਸਮਝਾਉਂਦਿਆਂ ਹੋਇਆਂ ਕਿਹਾ ਕਿ ਇਸ ਘੋਰ ਕਲਯੁਗ ਵਿੱਚ ਲੋਕਾਂ ਨੂੰ ਇਤਨੀ ਕੁ ਹੀ ਸਮਝ ਹੈ। ਇਸ ਲਈ ਇਹ ਬੇ-ਸਮਝੀ ਵਿੱਚ ਆਖ ਰਹੇ ਹਨ। ਇਨ੍ਹਾਂ ਨੂੰ ਮੁਆਫ ਕਰ ਦਿਉ।

ਅਗਲੇ ਦਿਨ ਸਬੱਬ ਨਾਲ ਉਸ ਕਿਲ੍ਹੇ ਦੇ ਮੁੱਖ ਦਰਵਾਜੇ ਦੀਆਂ ਚਾਬੀਆਂ ਗੁੰਮ ਹੋ ਗਈਆਂ। ਲੱਭਣ ਤੇ ਵੀ ਨਾ ਲੱਭੀਆਂ। ਗੇਟ ਬੰਦ ਹੋਣ ਕਾਰਨ ਅੰਦਰ ਰਹਿੰਦੇ ਸਾਰੇ ਅਹਿਲਕਾਰ ਅਤੇ ਪਸ਼ੂ ਵੀ ਖਾਣ ਪੀਣ ਖੁਣੋਂ ਵਿਆਕੁਲ ਹੋ ਉੱਠੇ। ਅਨੇਕਾਂ ਯਤਨ ਕਰਨ ਉਪ੍ਰੰਤ ਵੀ ਦਰਵਾਜਾ ਨਾ ਖੁੱਲ੍ਹਿਆ। ਸਾਰੇ ਇਕੱਠੇ ਹੋ ਕੇ, ਗੁਰੂ ਜੀ ਪਾਸ ਆ ਕੇ ਦਰਵਾਜਾ ਖੋਲ੍ਹਨ ਲਈ ਅਰਦਾਸ ਬੇਨਤੀ ਕਰਨ ਲੱਗੇ।

ਅਗਲੇ ਦਿਨ ਸੰਧਿਆ ਵੇਲੇ ਕੀਰਤਨ ਦੀ ਸਮਾਪਤੀ ਉਪ੍ਰੰਤ ਗੁਰੂ ਜੀ ਆਖਣ ਲੱਗੇ ਕਿ **ਕੋਈ ਜਤਿ-ਸਤਿ ਵਾਲੀ ਇਸਤਰੀ ਹੀ ਇਸ ਦਰਵਾਜੇ ਨੂੰ ਖੋਲ੍ਹ ਸਕਦੀ ਹੈ।** ਇਹ ਬਚਨ ਸੁਣਦੇ ਹੀ ਉਹ ਇਸਤਰੀ, ਲੋਕਾਂ ਦੀ ਪ੍ਰਵਾਹ ਨਾ ਕਰਦਿਆਂ ਹੋਇਆਂ ਦਰਵਾਜੇ ਵੱਲ ਵਧੀ। ਉਸ ਨੇ ਅਜੇ ਦਰਵਾਜੇ ਨੂੰ ਹੱਥ ਹੀ ਲਾਇਆ ਕਿ ਦਰਵਾਜਾ ਖੁੱਲ੍ਹ ਗਿਆ।

ਇਸ ਵਰਤਾਰੇ ਨੂੰ ਦੇਖ ਕੇ ਸਾਰੇ ਉਸ ਔਰਤ ਦੇ ਚਰਨ ਸਪ੍ਰਸ਼ ਕਰਨ ਲੱਗੇ। ਗੁਰੂ ਜੀ ਦਾ ਵੀ ਧੰਨਵਾਦ ਕੀਤਾ।

**ਇਹ ਸਭ ਕੁੱਝ ਦੇਖ ਕੇ ਰੋਮ ਦੇ ਬਾਦਸ਼ਾਹ ਚਾਰਲਜ਼ ਪੰਜਵੇ ਨੇ (ਜੋ ਉਸ ਵੇਲੇ ਕਿਲ੍ਹੇ ਵਿੱਚ ਹੀ ਠਹਿਰਿਆ ਹੋਇਆ ਸੀ) ਸਾਰੇ ਗੁਲਾਮ ਆਜ਼ਾਦ ਕਰ ਦਿੱਤੇ, ਉਸ ਨੇ ਗੁਰੂ ਜੀ ਦਾ ਭਰਵਾਂ ਧੰਨਵਾਦ ਕੀਤਾ ਅਤੇ ਗੁਰੂ ਜੀ ਨੂੰ ਇਟਲੀ ਆਉਣ ਦਾ ਸੱਦਾ ਵੀ ਦਿੱਤਾ। ਉਸ ਨੇ ਗੋਰੇਵੁਡ ਨੂੰ ਦਿੱਤਾ ਹੋਇਆ ਗੁਲਾਮਾਂ ਦਾ ਵਪਾਰ ਕਰਨ ਦਾ ਲਾਈਸੈਂਸ ਵੀ ਰੱਦ ਕਰ ਦਿੱਤਾ।**

**Holy Roman Emperor**
**King of Germany & King of Italy**



**Charles V (1500-1558)**
**Portrait by Titian**

**ਗੁਰੂ ਜੀ ਦੀ ਸਪੇਨ, ਅਤੇ ਹੋਰ ਪੱਛਮੀ ਦੇਸ਼ਾਂ ਦੀ ਯਾਤਰਾ, 'ਭੱਟ ਕਲ੍ਹ' ਜੀ ਦੀ ਬਾਣੀ, ਸਵਈਏ ਮ: 1 ਅਨੁਸਾਰ ਹੋਰ ਪਰਪੱਕ ਹੋ ਜਾਂਦੀ ਹੈ।**

"ਗੁਣ ਗਾਵਹਿ ਨਵ ਨਾਥ ਧੰਨਿ ਗੁਰੁ ਸਾਚਿ ਸਮਾਇਓ ॥ਮਾਂਧਾਤਾ ਗੁਣ ਰਵੈ ਜੇਨ ਚਕ੍ਰਵੈ ਕਹਾਇਓ॥
ਗੁਣ ਗਾਵੈ ਬਲਿ ਰਾਉ ਸਪਤ ਪਾਤਾਲਿ ਬਸੰਤੌ॥ਭਰਥਰਿ ਗੁਣ ਉਚਰੈ ਸਦਾ ਗੁਰ ਸੰਗਿ ਰਹੰਤੌ॥
ਦੂਰਬਾ ਪਰੂਰਉ ਅੰਗਰੈ ਗੁਰ ਨਾਨਕ ਜਸੁ ਗਾਇਓ॥ਕਬਿ ਕਲ ਸੁਜਸੁ ਨਾਨਕ ਗੁਰ ਘਟਿ ਘਟਿ ਸਹਜਿ ਸਮਾਇਓ ॥੧੦॥"

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ- ੧੩੯੦

ਇਸ ਸਵੱਈਏ ਅਨੁਸਾਰ ਗੁਰੂ ਜੀ ਨੇ ਧਰਤੀ ਦੀ ਭੂਮੱਧ ਰੇਖਾ ਦੇ ਦੋਹੀਂ ਪਾਸੀਂ ਪ੍ਰਚਾਰ ਫੇਰੀਆਂ ਲਾਈਆਂ ਹਨ।

ਨੋਟ:-ਇਹ ਘਟਨਾ ਇਟਲੀ ਜਾਣ ਤੋਂ ਪਹਿਲਾਂ ਵਾਪਰੀ। ਕਿਉਂਜੋ ਰੋਮ (ਵੈਟੀਕਨ ਸਿਟੀ) ਵਿੱਚ ਇਸੇ ਬਾਦਸ਼ਾਹ ਨੇ ਵਿਸ਼ੇਸ਼ ਸਮਾਗਮ ਦਾ ਆਯੋਜਨ ਕੀਤਾ ਸੀ। ਜਿਸ ਵਿੱਚ ਗੁਰੂ ਜੀ ਨੇ ਧੜੱਲੇ ਦਾਰ ਸ਼ਬਦਾਂ ਵਿੱਚ ਗੁਲਾਮੀ ਦਾ ਵਪਾਰ ਖਤਮ ਕਰਨ ਲਈ ਕਿਹਾ ਸੀ ਅਤੇ ਇਸਾਈਅਤ ਦੀ ਸਰਵ ਉੱਚ ਹਸਤੀ ਪੋਪ ਨੂੰ ਉਸ ਦੇ ਘਿਨਾਉਣੇ ਵਰਤਾਰੇ ਕਰਕੇ ਵੰਗਾਰਿਆ ਸੀ। ਜਿਸ ਦੇ ਫਲਸਰੂਪ ਮਾਰਟਨ ਲੂਥਰ ਦੇ ਉੱਦਮ ਸਦਕਾ 'ਪ੍ਰਾਟੈਸਟੈਂਟ' ਫਿਰਕਾ, ਹੋਂਦ ਵਿੱਚ ਆਇਆ।



A Portrait of Satguru Nanak Sahib Ji (Fort Sevillia, Spain)



**ਵੈਟੀਕਨ ਸਿਟੀ, ਰੋਮ (ਇਟਲੀ):-** ਗੁਰੂ ਜੀ ਸਾਥੀਆਂ ਸਮੇਤ **ਫਰਾਂਸ, ਬੈਲਜੀਅਮ, ਆਸਟਰੀਆ, ਕਰੋਸ਼ੀਆ** ਆਦਿ ਵਿੱਚ ਬਹੁਤ ਥਾਵਾਂ ਤੇ ਅਲਾਹੀ ਬਚਨ ਕਰਦਿਆਂ ਵੈਟੀਕਨ ਪਹੁੰਚ ਗਏ। ਰੋਮ ਦੇ ਬਾਦਸ਼ਾਹ ਚਾਰਲਸ ਪੰਜਵੇਂ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆਉਣ ਤੇ ਇਕ ਵੱਡੀ ਸਭਾ ਦਾ ਪ੍ਰਬੰਧ ਕੀਤਾ ਹੋਇਆ ਸੀ। ਉਸ ਨੇ ਸਪੇਨ ਦੇ ਕਿਲੇ ਵਿੱਚ ਗੁਰੂਦੇਵ ਜੀ ਦੇ ਵਿਚਾਰਾਂ ਤੋਂ ਪ੍ਰਭਾਵਿਤ ਹੋ ਕੇ ਗੁਰੂ ਜੀ ਨੂੰ ਆਉਣ ਦਾ ਸੱਦਾ ਦਿੱਤਾ ਸੀ। **April 1520 A.D., in St. Peters Square** ਵਿੱਚ ਇਸ ਸਭਾ ਦਾ ਉਦਘਾਟਨ ਅਤੇ ਸੰਚਾਲਨ ਕਰਨ ਵਾਸਤੇ ਬਾਦਸ਼ਾਹ ਨੇ ਮਾਰਟਨ ਲੂਥਰ ਨੂੰ ਵਿਸ਼ੇਸ਼ ਤੌਰ ਤੇ ਬੁਲਾਇਆ ਹੋਇਆ ਸੀ ਅਤੇ ਆਪ ਵੀ ਉਦਘਾਟਨ ਸਮਾਰੋਹ ਵਿੱਚ ਹਾਜ਼ਰ ਰਿਹਾ।



Age Old City



Pope Leo X (1475-1521 AD)



St. Peter's Basilica
ਜਿਸ ਵਿੱਚ ਗੁਰੂ ਜੀ ਤੇ ਮਰਦਾਨਾ ਜੀ ਠਹਿਰੇ।

**ਗੁਰੂ ਜੀ ਨੇ ਭਰੀ ਸਭਾ ਵਿੱਚ ਵਿਆਖਿਆ ਸਹਿਤ ਸਭ ਨੂੰ ਸਮਝਾਇਆ ਕਿ ਇਹ ਸੰਭਵ ਨਹੀ ਹੋ ਸਕਦਾ ਕਿ ਈਸਾ ਮਸੀਹ ਜੀ ਆਪਣੇ ਸਾਰੇ ਚੇਲਿਆਂ ਦਾ ਪਾਰ ਉਤਾਰਾ ਕਰ ਦੇਣਗੇ ਅਤੇ ਉਨ੍ਹਾਂ ਦੇ ਸਾਰੇ ਗੁਨਾਂਹ ਮਾਫ ਕਰ ਦੇਣਗੇ।**

**ਉਨ੍ਹਾਂ ਦਾ ਇਸ਼ਾਰਾ ਸਿੱਧੇ ਤੌਰ ਤੇ ਪੋਪ ਵੱਲ ਸੀ। ਗੁਰੂ ਜੀ ਨੇ ਪੋਪ ਨੂੰ ਤਾੜਨਾ ਕੀਤੀ ਕਿ ਉਹ ਪ੍ਰਾਣੀ ਦੀ ਅੰਤਮ ਅਰਦਾਸ ਕਰਨ ਵੇਲੇ ਮਾਇਆ ਲੈਣੀ ਬੰਦ ਕਰੇ। ਇਹ ਦੁਸ਼ਕਰਮ, ਸਰਾ ਸਰ ਲੋਕਾਂ ਨਾਲ ਧੋਖਾ ਹੈ।**

"ਜੇ ਮੋਹਾਕਾ ਘਰੁ ਮੁਹੈ ਘਰੁ ਮੁਹਿ ਪਿਤਰੀ ਦੇਇ ॥ਅਗੈ ਵਸਤੁ ਸਿਞਾਣੀਐ ਪਿਤਰੀ ਚੋਰ ਕਰੇਇ॥ਵਢੀਅਹਿ ਹਥ ਦਲਾਲ ਕੇ ਮੁਸਫੀ ਏਹ ਕਰੇਇ ॥ ਨਾਨਕ ਅਗੈ ਸੋ ਮਿਲੈ ਜਿ ਖਟੇ ਘਾਲੇ ਦੇਇ ॥੧॥

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ-472

ਗੁਰੂ ਜੀ ਨੇ ਇਸ ਸ਼ਬਦ ਦਾ ਉਲੱਥਾ ਫਾਰਸੀ ਵਿੱਚ ਕਰ ਕੇ ਸਮਝਾਇਆ। ਮਾਰਟਨ ਲੂਥਰ ਨੇ ਸਾਰੇ ਸ਼ਬਦਾਂ ਦਾ ਉਲੱਥਾ ਅੰਗ੍ਰੇਜ਼ੀ ਵਿੱਚ ਕਰਕੇ ਸਭ ਨੂੰ ਸਮਝਾਇਆ। ਉਪ੍ਰੰਤ ਗੁਰੂ ਜੀ ਨੇ ਇਹ ਅਲਾਹੀ ਬਾਣੀ ਉਚਾਰਨ ਕੀਤੀ।

"ਸਚੁ ਪੁਰਾਣਾ ਹੋਵੈ ਨਾਹੀ ਸੀਤਾ ਕਦੇ ਨ ਪਾਟੈ ॥ਨਾਨਕ ਸਾਹਿਬੁ ਸਚੋ ਸਚਾ ਤਿਚਰੁ ਜਾਪੀ ਜਾਪੈ ॥੧॥" "ਮ: ੧॥ ਸਚ ਕੀ ਕਾਤੀ ਸਚੁ ਸਭੁ ਸਾਰੁ ॥ਘਾੜਤ ਤਿਸ ਕੀ ਅਪਰ ਅਪਾਰ ॥ਸਬਦੇ ਸਾਣ ਰਖਾਈ ਲਾਇ ॥ਗੁਣ ਕੀ ਥੇਕੈ ਵਿਚਿ ਸਮਾਇ ॥ਤਿਸ ਦਾ ਕੁਠਾ ਹੋਵੈ ਸੇਖੁ॥ਲੋਹੂ ਲਬੁ ਨਿਕਥਾ ਵੇਖੁ॥ਹੋਇ ਹਲਾਲੁ ਲਗੈ ਹਕਿ ਜਾਇ ॥ਨਾਨਕ ਦਰਿ ਦੀਦਾਰਿ ਸਮਾਇ ॥੨॥" **ਅੰਗ-956**

ਗੁਰੂ ਜੀ ਨੇ ਸੱਚ ਦੀ ਪਰਿਭਾਸ਼ਾ ਦੀ ਵਿਆਖਿਆ ਕਰਦਿਆਂ ਸਭਨਾਂ ਨੂੰ ਸੱਚ ਦੇ ਆਧਾਰ ਤੇ ਜਿਊਂਣ ਲਈ ਪ੍ਰੇਰਿਤ ਕੀਤਾ। ਸਚਾਈ ਦੇ ਸਿਧਾਂਤ ਨੂੰ ਹੋਰ ਪਰਪੱਕ ਕਰਨ ਲਈ ਇਹ ਅਲਾਹੀ ਬਚਨ ਸੁਣਾਏ:-

"ਜਿਨਿ ਧਰ ਸਾਜੀ ਗਗਨੁ ਅਕਾਸੁ ॥ ਜਿਨਿ ਸਭ ਥਾਪੀ ਥਾਪਿ ਉਥਾਪਿ ॥ ਸਰਬ ਨਿਰੰਤਰਿ ਆਪੇ ਆਪਿ॥ ਕਿਸੈ ਨ ਪੂਛੇ ਬਖਸੇ ਆਪਿ ॥4॥ ਤੂ ਪੁਰੁ ਸਾਗਰੁ ਮਾਣਕ ਹੀਰੁ ॥ਤੂ ਨਿਰਮਲੁ ਸਚੁ ਗੁਣੀ ਗਹੀਰੁ॥ਸੁਖੁ ਮਾਨੈ ਭੇਟੈ ਗੁਰ ਪੀਰੁ ॥ਏਕੋ ਸਾਹਿਬੁ ਏਕੁ ਵਜੀਰੁ ॥5॥"

**ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ-412**

ਨਾਲ ਦੀ ਨਾਲ ਗੁਰੂ ਜੀ ਨੇ ਉਸ ਕਰਤਾਪੁਰਖ ਦਾ ਇਹ ਸੰਦੇਸ਼ ਵੀ ਕਹਿ ਸੁਣਾਇਆ:-

ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ ॥ਦਿਵਸੁ ਰਾਤਿ ਦੁਇ ਦਾਈ ਦਾਇਆ ਖੇਲੈ ਸਗਲ ਜਗਤੁ ॥ਚੰਗਿਆਈਆ ਬੁਰਿਆਈਆ ਵਾਚੈ ਧਰਮੁ ਹਦੂਰਿ ॥ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ॥ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ॥ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ ॥੧॥

**ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ-8**

ਸਭਨਾਂ ਨੇ ਇਨ੍ਹਾਂ ਸ਼ਬਦਾਂ ਦੇ ਭਾਵਅਰਥ ਮਾਰਟਨ ਲੂਥਰ ਕੋਲੋਂ ਅੰਗ੍ਰੇਜ਼ੀ ਵਿੱਚ ਪੂਰਾ ਧਿਆਨ ਲਾ ਕੇ ਸੁਣੇ ਅਤੇ ਵਾਚਿਆ।

ਗੁਰੂਦੇਵ ਜੀ ਦੀ ਸਾਰੀ ਵਾਰਤਾਲਾਪ ਸੁਣ ਕੇ ਸ੍ਰੋਤਿਆਂ ਨੂੰ ਅਹਿਸਾਸ ਹੋਇਆ ਕਿ ਪੋਪ, ਕਰਾਈਸਟ ਵਾਂਗ ਪੂਜਨ ਯੋਗ ਨਹੀਂ ਹੈ। ਉਹ ਵੀ ਕੇਵਲ ਉਨ੍ਹਾਂ ਵਰਗਾ ਆਮ ਮਨੁੱਖ ਹੀ ਹੈ।

ਇਸ ਤੋਂ ਉਪ੍ਰੰਤ ਗੁਰੂ ਜੀ ਨੇ ਗੁਲਾਮੀ ਦੀ ਪ੍ਰਥਾ ਨੂੰ ਖਤਮ ਕਰਨ ਲਈ ਪੋਪ ਨੂੰ ਤਾੜਨਾ ਵੀ ਕੀਤੀ। ਉਨ੍ਹਾਂ ਕਿਹਾ ਕਿ ਸਮੁੱਚੀ ਮਾਨਵ ਜਾਤਿ ਇਕ ਅਕਾਲਪੁਰਖ ਦੀ ਸੰਤਾਨ ਹੈ। ਸਭ ਦੀਆਂ ਰਗਾਂ ਵਿੱਚ ਇੱਕੋ ਜਿਹਾ ਖੂਨ ਦੌੜ ਰਿਹਾ ਹੈ। ਫਿਰ ਪੋਪ ਨੂੰ, ਦੂਜੇ ਮਨੁੱਖਾਂ ਨੂੰ ਗੁਲਾਮ ਬਣਾਉਣ ਦਾ ਹੱਕ ਕਿਸ ਨੇ ਦਿੱਤਾ ਹੈ। ਰੋਮ ਦੇ ਬਾਦਸ਼ਾਹ ਨੇ ਗੁਲਾਮੀ ਦੇ ਲਾਇਸੈਂਸ ਰੱਦ ਕਰ ਦਿਤੇ।


ਫਲਸਰੂਪ ਪੋਪ ਨੂੰ ਗੁਲਾਮੀ ਦੀ ਪ੍ਰਥਾ ਨੂੰ ਖਤਮ ਕਰਨ ਪ੍ਰਤੀ ਆਦੇਸ਼ ਪੱਤਰ ਜਾਰੀ ਕਰਨਾ ਪਿਆ।


Martin Luther (1483-1546)

ਮਾਰਟਨ ਲੂਥਰ ਨੇ ਗੁਰੂ ਨਾਨਕ ਦੇਵ ਜੀ ਦੇ ਪ੍ਰਵਚਨਾਂ ਦੀ ਸਚਾਈ ਦੀ ਵਿਆਖਿਆ ਅੰਗ੍ਰੇਜ਼ੀ ਭਾਸ਼ਾ ਵਿੱਚ ਕੀਤੀ ਅਤੇ ਕੈਥੋਲਿਕ ਚਰਚ ਦੀਆਂ ਤਰੁਟੀਆਂ ਨੂੰ ਜੱਗ ਜ਼ਾਹਿਰ ਕੀਤਾ। ਉਸ ਨੇ ਪੋਪ ਦੀ ਇਸ ਰਿਸ਼ਵਤਖੋਰੀ ਦੇ ਰੁਝਾਨ ਪ੍ਰਤੀ ਖੁਲ੍ਹੇਆਮ ਲਿਖਣਾ ਸ਼ੁਰੂ ਕਰ ਦਿੱਤਾ। ਉਸ ਨੇ ਕਿਹਾ ਕਿ ਪੋਪ ਤੂੰ ਪਖੰਡੀ ਹੈਂ, ਤੂੰ ਕਿਸੇ ਵੀ ਤਰੀਕੇ ਨਾਲ ਜਨਤਾ ਦਾ ਪਾਰ ਉਤਾਰਾ ਨਹੀਂ ਕਰ ਸਕਦਾ। ਉਸ ਨੇ ਇਸ ਵਿਸ਼ੇ ਤੇ 95 ਲੇਖ ਲਿੱਖ ਕੇ ਜਨਤਾ ਦੇ ਸਨਮੁੱਖ ਕੀਤੇ।

ਪੋਪ ਵਲੋਂ ਭਾਰੀ ਅਟਕਲਾਂ ਖੜ੍ਹੀਆਂ ਕਰਨ ਦੇ ਬਾਵਜੂਦ ਵੀ ਮਾਰਟਨ ਲੂਥਰ ਨੇ ਨਿਡਰ ਹੋ ਕੇ ਆਪਣਾ ਸਚਾਈ ਭਰਪੂਰ ਸ਼ਿਕੰਜਾ ਕਸਣਾ ਜਾਰੀ ਰੱਖਿਆ। ਜਿਸ ਦੇ ਫਲਸਰੂਪ ਇਸਾਈ ਮੱਤ ਦੋਫਾੜ ਹੋ ਗਿਆ, (ਕੈਥੋਲਿਕ ਅਤੇ ਪ੍ਰਾਟੈਸਟੈਂਟ)

15 ਜੂਨ 1520 ਨੂੰ ਪੋਪ ਦੀ ਰਿਸ਼ਵਤਖੋਰੀ ਅਤੇ ਪਖੰਡੀ ਪੁਣੇ ਨੂੰ ਉਜਾਗਰ ਕਰਨ ਕਰਕੇ ਲੂਥਰ ਨੂੰ ਪੋਪ ਵੱਲੋ ਇਸਾਈਮਤ ਦਾ ਵਿਰੋਧੀ ਕਰਾਰ ਦਿੱਤਾ ਗਿਆ। 1521 A.D. ਵਿੱਚ ਉਸ ਨੂੰ ਦੇਸ਼ ਨਿਕਾਲਾ ਦਿੱਤਾ ਗਿਆ। ਲੂਥਰ ਅਤੇ ਪੋਪ **Diet of Worms** (ਇਕ ਅਦਾਲਤ) ਵਿੱਚ ਪੇਸ਼ ਹੋਏ। ਸਿੱਟੇ ਵਜੋਂ ਪੋਪ ਹਾਰ ਗਿਆ। ਸਚਾਈ ਨੂੰ ਦਬਾਉਣ ਦੀ ਸਜ਼ਾ, ਪੋਪ ਨੂੰ ਉਸ ਦੇ ਚੋਲੇ ਰਾਹੀਂ ਜ਼ਹਿਰ ਦੇ ਕੇ ਮਾਰ ਮੁਕਾਇਆ ਗਿਆ।




ਵੈਟੀਕਨ ਵਿਚਲੇ ਸੇਂਟ ਪੀਟਰ ਬੈਸੀਲੀਕਾ ਬਾਗ ਦੇ ਪੱਛਮੀ ਮੀਨਾਰ ਉੱਪਰ ਗੁਰਮੁੱਖੀ ਅੱਖਰਾਂ ਵਿੱਚ 'ੴ' ਉੱਕਰਿਆ ਹੋਇਆ ਹੈ।

ਨੋਟ:- ਸਾਰੇ ਇਸਾਈ ਰਾਜੇ ਪੋਪ ਦੇ ਧਾਰਮਿਕ ਦਬਾਅ ਅਧੀਨ ਕੰਮ ਕਰਦੇ ਸਨ। ਜਦੋਂ ਕੋਈ ਬਾਦਸ਼ਾਹ ਗੁਨਾਂਹ (ਪਾਪ) ਕਰਦਾ ਸੀ ਤਾਂ ਉਹ ਪੋਪ ਨੂੰ ਮਾਇਆ ਦੇ ਕੇ ਬਰੀ ਹੋ ਜਾਂਦਾ ਸੀ। ਆਮ ਜਨਤਾ ਪੋਪ ਦੇ ਇਸ ਵਤੀਰੇ ਤੋਂ ਬਹੁਤ ਦੁਖੀ ਸੀ।




ਸ੍ਰੀ ਗੁਰੂ ਨਾਨਕ ਦੇਵ ਜੀ ਯੂਰਪੀਨ ਦੇਸ਼ਾਂ ਵਿੱਚ





ਪ੍ਰਧਾਨ, ਸ੍ਰੀ ਗੁਰੂ ਨਾਨਕ ਦੇਵ ਜੀ ਨਿਸ਼ਕਾਮ ਸੇਵਕ ਜਥਾ, ਪੋਪ ਨਾਲ





**ਏਥਨਜ਼, (ਯੂਨਾਨ/ਗਰੀਸ (ਭਗਕਫਕ)) 1520 ਈ:** ਗੁਰੂ ਜੀ ਸਾਥੀਆਂ ਸਮੇਤ ਸਮੁੰਦਰੀ ਅਤੇ ਜ਼ਮੀਨੀ ਰਸਤੇ ਤਹਿ ਕਰਦੇ ਹੋਏ ਬਹੁਤ ਥਾਵਾਂ ਤੇ ਰੁਕਦਿਆਂ ਅਲਾਹੀ ਬਚਨ ਕਰਦੇ ਹੋਏ ਯੂਨਾਨ ਦੀ ਰਾਜਧਾਨੀ, ਏਥਨਜ਼ ਵਿੱਚ ਆ ਗਏ। ਯੂਨਾਨ ਦੇਸ਼ **ਪੰਜਵੀਂ ਸਦੀ B.C.** ਵਿੱਚ ਹੋਂਦ ਵਿੱਚ ਆਇਆ ਸੀ। ਇਸ ਨੂੰ ਪੱਛਮੀ ਸਭਿਅਤਾ ਦਾ ਪਿਤਾਮਾ ਆਖਿਆ ਜਾਂਦਾ ਹੈ। ਇਹ ਧਰਤੀ ਹੇਠ ਦਿੱਤੇ ਵਿਦਵਾਨਾਂ ਦੀ ਜਨਮ ਭੂਮੀ ਵੀ ਹੈ।


Aristotle (384-322 BC)


Plato (428-348 BC)


Socrates (470-399 BC)


Pythagoras (570-490 BC)

ਖਲੀਫਾ ਸੁਲਤਾਨ ਪਹਿਲਾ ਅਤੇ **'ਮਾਰਟਿਨ ਲੂਥਰ'** ਵੀ ਉਸ ਵੇਲੇ ਏਥਨਜ਼ ਵਿੱਚ ਹੀ ਸਨ। ਮਾਰਟਿਨ ਲੂਥਰ ਅਰਬੀ ਭਾਸ਼ਾ ਦਾ ਗਿਆਨੀ ਹੋਣ ਕਰਕੇ, ਗੁਰੂ ਜੀ ਦੇ ਅਲਾਹੀ ਬਚਨਾਂ ਨੂੰ ਅੰਗ੍ਰੇਜ਼ੀ ਵਿੱਚ ਉਲੱਥਾ ਕਰਕੇ ਸੁਨਾਉਂਦਾ ਸੀ।

ਅਬਿਨਾਸੀ ਪ੍ਰਭਿ ਖੇਲੁ ਰਚਾਇਆ ਗੁਰਮੁਖਿ ਸੋਝੀ ਹੋਈ॥
ਨਾਨਕ ਸਭਿ ਜੁਗ ਆਪੇ ਵਰਤੈ ਦੂਜਾ ਅਵਰੁ ਨ ਕੋਈ॥
(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ- 946)

ਇਸ ਸ਼ਬਦ ਫਾਰਸੀ ਭਾਸ਼ਾ ਵਿੱਚ ਭਾਵ ਅਰਥ ਸੁਨਣ ਉਪ੍ਰੰਤ ਬਾਦਸ਼ਾਹ ਸਲੀਮ ਪਹਿਲਾ ਅਤੇ ਸਾਰੀ ਸੰਗਤ ਗਦ-ਗਦ ਹੋ ਉੱਠੀ। ਗੁਰੂ ਜੀ ਕੁਝ ਦਿਨ ਸੰਗਤ ਨੂੰ ਨਿਹਾਲ ਕਰਨ ਉਪ੍ਰੰਤ ਬਾਦਸ਼ਾਹ ਸਲੀਮ ਪਹਿਲਾ ਅਤੇ ਮਾਰਟਨ ਲੂਥਰ ਸਮੇਤ ਅੱਗੇ ਤੁਰ ਪਏ।



**ਮੈਸੋਲੋਘੀ (ਯੂਨਾਨ) :-** ਗੁਰੂ ਜੀ ਸਾਥੀਆਂ ਸਮੇਤ ਸਮੁੰਦਰੀ ਜਹਾਜ਼ ਰਾਹੀਂ ਏਥਨਜ਼ ਤੋਂ ਚੱਲ ਕੇ ਰਸਤੇ ਵਿੱਚ ਰੁਕਦੇ ਹੋਏ, **ਦੋ ਦਰਿਆਵਾਂ, ਅਲਚੇਲੂਸ ਅਤੇ ਐਨਵੀਨੋਸ** ਦੇ ਵਿਚਕਾਰਲੇ ਨਗਰ ਮੈਸੋਲੋਘੀ ਪਹੁੰਚ ਕੇ ਭਾਈ ਮਰਦਾਨਾ ਜੀ ਨੂੰ ਰਬਾਬ ਛੇੜਨ ਲਈ ਆਖਿਆ। ਆਪ ਜੀ ਨੇ 'ਸ੍ਰੀ ਰਾਗ' ਵਿੱਚ ਅਕਾਲ ਉਸਤਤ ਗਾਉਣੀ ਆਰੰਭ ਕਰ ਦਿੱਤੀ। ਸਾਰੀ ਸੰਗਤ ਕੀਰਤਨ ਸਰਵਨ ਕਰਦਿਆਂ ਆਨੰਦ ਵਿੱਚ ਝੂਮ ਉੱਠੀ।

**"ਰੰਗਿ ਰਤਾ ਮੇਰਾ ਸਾਹਿਬੁ ਰਵਿ ਰਹਿਆ ਭਰਪੂਰਿ ॥ਰਹਾਉ॥ ਆਪੇ ਮਾਛੀ ਮਛੁਲੀ ਆਪੇ ਪਾਣੀ ਜਾਲੁ॥ ਆਪੇ ਜਾਲ ਮਣਕੜਾ ਆਪੇ ਅੰਦਰਿ ਲਾਲੁ॥"** (ਅੰਗ- 23)



9ਵੀਂ ਸਦੀ ਬੀ.ਸੀ. ਵਿੱਚ ਵੱਸਿਆ ਸ਼ਹਿਰ, ਮੈਸੋਲੋਘੀ

ਗੁਰੂ ਜੀ ਨੇ ਇਸ ਅਲਾਹੀ ਸ਼ਬਦ ਦਾ ਗਾਇਨ ਇਸ ਲਈ ਕੀਤਾ ਕਿਉਂ ਜੋ ਉੱਥੋਂ ਦੇ ਲੋਕ ਮੱਛੀਆਂ ਦਾ ਵਪਾਰ ਕਰਦੇ ਸਨ। ਸਭ ਨੂੰ ਇਸ ਸ਼ਬਦ ਦੇ ਉਲੱਥੇ ਦੀ ਭਲੀ ਭਾਂਤ ਸਮਝ ਆ ਗਈ। ਅੱਗੇ ਤੋਂ ਉਹ ਮੱਛੀਆਂ ਫੜਨੀਆਂ ਛੱਡ ਕੇ ਹੋਰ ਕੰਮਾਂ ਕਾਰਾਂ ਬਾਰੇ ਸੋਚਨ ਲੱਗੇ। ਇੱਥੋਂ ਦੇ ਵਸਨੀਕਾਂ ਨੂੰ ਸਮਝਾਉਣ ਲਈ ਗੁਰੂ ਜੀ ਨੇ ਇਕ ਹੋਰ ਅਲਾਹੀ ਸ਼ਬਦ ਅਲਾਪਿਆ:-

"ਕਿਆ ਖਾਧੈ ਕਿਆ ਪੈਧੈ ਹੋਇ ॥ਜਾ ਮਨਿ ਨਾਹੀ ਸਚਾ ਸੋਇ ॥ਕਿਆ ਮੇਵਾ ਕਿਆ ਘਿਉ ਗੁੜੁ ਮਿਠਾ ਕਿਆ ਮੈਦਾ ਕਿਆ ਮਾਸੁ ॥
ਕਿਆ ਕਪੜੁ ਕਿਆ ਸੇਜ ਸੁਖਾਲੀ ਕੀਜਹਿ ਭੋਗ ਬਿਲਾਸ ॥ਕਿਆ ਲਸਕਰ ਕਿਆ ਨੇਬ ਖਵਾਸੀ ਆਵੈ ਮਹਲੀ ਵਾਸੁ ॥
ਨਾਨਕ ਸਚੇ ਨਾਮ ਵਿਣੁ ਸਭੇ ਟੋਲ ਵਿਣਾਸੁ ॥੨॥" ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ-੧੪੨

ਸਾਰੀ ਜਨਤਾ ਅਤੇ ਬਾਦਸ਼ਾਹ ਇਨ੍ਹਾਂ ਸ਼ਬਦਾਂ ਦੇ ਭਾਵ ਅਰਥ, ਸੁਣ ਕੇ ਅਤੀ ਪ੍ਰਭਾਵਿਤ ਹੋਏ।

**ਆਰਤਾ (ਯੂਨਾਨ) :-** ਗੁਰੂ ਜੀ ਸਾਰੇ ਕਾਫਲੇ ਨਾਲ ਆਰਤਾ ਸ਼ਹਿਰ ਵਿੱਚ ਘੋੜਾ ਗਡੀਆਂ ਦੀ ਸਵਾਰੀ ਕਰਕੇ ਪਹੁੰਚੇ। ਅਮ੍ਰਿਤ ਵੇਲੇ ਗੁਰੂ ਜੀ ਨੇ ਮਰਦਾਨਾ ਜੀ ਨੂੰ ਰਬਾਬ ਛੇੜਨ ਲਈ ਕਿਹਾ, ਆਸਾ ਦੀ ਵਾਰ ਦਾ ਗਾਇਨ ਆਰੰਭ ਕੀਤਾ।

**"ਕੁਦਰਤਿ ਦਿਸੈ ਕੁਦਰਤਿ ਸੁਣੀਐ ਕੁਦਰਤਿ ਭਉ ਸੁਖ ਸਾਰੁ॥ ਕੁਦਰਤਿ ਪਾਤਾਲੀ ਆਕਾਸੀ ਕੁਦਰਤਿ ਸਰਬ ਆਕਾਰੁ॥"**

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ- 464)

ਆਸਾ ਦੀ ਵਾਰ ਦੇ ਭਾਵ ਅਰਥ ਸੁਣ ਕੇ ਸਮੂਹ ਸੰਗਤ ਨਿਹਾਲ ਹੋ ਗਈ। ਮਾਰਟਨ ਲੂਥਰ ਅਤੇ ਬਾਦਸ਼ਾਹ ਸਲੀਮ ਪਹਿਲੇ ਦੇ ਮਨ ਤੇ ਇਸ ਸ਼ਬਦ ਦਾ ਗਹਿਰਾ ਪ੍ਰਭਾਵ ਪਿਆ।



7ਵੀਂ ਸਦੀ ਈਸਵੀਂ ਵਿੱਚ ਵੱਸਿਆ ਸ਼ਹਿਰ, ਆਰਤਾ

**ਹਸਨ ਬਾਬਾ (ਯੂਨਾਨ) :-** ਗੁਰੂ ਜੀ ਸਾਰੇ ਕਾਫਲੇ ਨਾਲ ਆਰਤਾ ਸ਼ਹਿਰ ਤੋਂ ਚਲ ਕੇ ਹਸਨ ਬਾਬਾ ਪਹੁੰਚ ਗਏ। ਇੱਥੇ ਸਲੀਮ ਪਹਿਲੇ ਨਾਲ ਗੁਰੂ ਜੀ ਦੀ ਖੁੱਲ੍ਹ ਕੇ ਵਾਰਤਾਲਾਪ ਹੋਈ। ਉਪ੍ਰੰਤ ਗੁਰੂ ਜੀ ਨੇ ਇਹ ਅਲਾਹੀ ਸ਼ਬਦ ਉਚਾਰਨ ਕੀਤਾ।



"ਕਲਿ ਹੋਈ ਕੁਤੇ ਮੁਹੀ ਖਾਜੁ ਹੋਆ ਮੁਰਦਾਰੁ॥ ਕੂੜੁ ਬੋਲਿ ਬੋਲਿ ਭਉਕਣਾ ਚੂਕਾ ਧਰਮੁ ਬੀਚਾਰੁ॥
ਜਿਨ ਜੀਵੰਦਿਆ ਪਤਿ ਨਹੀ ਮੁਇਆ ਮੰਦੀ ਸੋਇ॥ ਲਿਖਿਆ ਹੋਵੈ ਨਾਨਕਾ ਕਰਤਾ ਕਰੇ ਸੁ ਹੋਇ॥"(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ-1242) ਇਸ ਅਲਾਹੀ ਸ਼ਬਦ ਦੇ ਭਾਵ ਅਰਥ ਸੁਣ ਕੇ ਸਾਰੀ ਸੰਗਤ ਸੰਤੁਸ਼ਟ ਹੋ ਗਈ।


**ਇਲਾਹੀ ਨੂਰ ਮਸਜਿਦ, ਥਾਸੋਸ ਟਾਪੂ (ਯੂਨਾਨ) :-** ਗੁਰੂ ਜੀ ਸਾਰੇ ਕਾਫਲੇ ਨਾਲ ਹਸਨ ਬਾਬਾ ਤੋਂ ਚਲ ਕੇ ਥੋੜੀ ਦੂਰ ਥਾਸੋਸ ਟਾਪੂ ਵਿੱਚ ਯਪਸਾਰੀਓ ਪਹਾੜੀ ਉੱਪਰ ਅਲਾਹੀ ਨੂਰ ਮਸਜਿਦ ਵਿੱਚ ਜਾ ਠਹਿਰੇ। ਇਸ ਥਾ ਤੇ ਗੁਰੂ ਜੀ ਨੇ ਮਨੁੱਖੀ ਅਧਿਕਾਰਾਂ ਅਤੇ ਸਰਬ-ਸਾਂਝੀਵਾਲਤਾ ਸੰਬੰਧੀ ਖੁੱਲ੍ਹ ਕੇ ਵਾਰਤਾਲਾਪ ਕਰਕੇ ਸਭਨਾਂ ਦੀ ਤਸੱਲੀ ਕੀਤੀ। ਇਸ ਪ੍ਰਥਾਏ ਗੁਰੂ ਜੀ ਨੇ ਇਹ ਅਲਾਹੀ ਸ਼ਬਦ ਉਚਾਰਨ ਕੀਤੇ।

"ਕਤ ਕੀ ਮਾਈ ਬਾਪੁ ਕਤ ਕੇਰਾ ਕਿਦੂ ਥਾਵਹੁ ਹਮ ਆਏ॥ ਅਗਨਿ ਬਿੰਬ ਜਲ ਭੀਤਰਿ ਨਿਪਜੇ ਕਾਹੇ ਕੰਮਿ ਉਪਾਏ॥" (ਅੰਗ-156) ਅਤੇ
"ਜੋ ਆਇਆ ਸੋ ਚਲਸੀ ਸਭੁ ਕੋਈ ਆਈ ਵਾਰੀਐ॥ ਜਿਸ ਕੇ ਜੀਅ ਪਰਾਣ ਹਹਿ ਕਿਉ ਸਾਹਿਬੁ ਮਨਹੁ ਵਿਸਾਰੀਐ॥ ਆਪਣ ਹਥੀ ਆਪਣਾ ਆਪੇ ਹੀ ਕਾਜੁ ਸਵਾਰੀਐ॥"(ਅੰਗ- 474)



ਹਵਾਲਾ: ਲਾਲ ਸਿੰਘ ਸੰਗਰੂਰ 'ਗੁਰਮਤ ਮਾਰਤੰਡ' ਪੰਨਾ-128

**ਕਸਟੋਰੀਆ (ਯੂਨਾਨ) :-** ਗੁਰੂ ਜੀ ਸਾਥੀਆਂ ਸਮੇਤ ਰਸਤੇ ਵਿੱਚ ਆਉਂਦੀਆਂ ਥਾਵਾਂ ਤੇ ਅਲਾਹੀ ਬਚਨ ਕਰਦਿਆਂ ਕਸਟੋਰੀਆ ਪ੍ਰਹੁੰਚ ਕੇ ਇਸ ਅਲਾਹੀ ਸ਼ਬਦ ਦਾ ਗਾਇਨ ਆਰੰਭ ਕਰ ਦਿੱਤਾ। ਦੁਖੁ ਦਾਰੂ ਸੁਖੁ ਰੋਗੁ ਭਇਆ ਜਾ ਸੁਖੁ ਤਾਮਿ ਨ ਹੋਈ ॥ ਤੂੰ ਕਰਤਾ ਕਰਣਾ ਮੈ ਨਾਹੀ ਜਾ ਹਉ ਕਰੀ ਨ ਹੋਈ ॥ ਬਲਿਹਾਰੀ ਕੁਦਰਤਿ ਵਸਿਆ ॥ ਤੇਰਾ ਅੰਤੁ ਨ ਜਾਈ ਲਖਿਆ ॥( ਅੰਗ- 469)


ਨੌਵੀਂ ਸਦੀ ਈ. ਦਾ ਵਸਿਆ ਸ਼ਹਿਰ, ਕਸਟੋਰੀਆ

ਇਸ ਸ਼ਬਦ ਦੇ ਭਾਵ ਅਰਥ ਸੁਣ ਕੇ ਉੱਥੋ ਦੇ ਲੋਕ ਅਤੇ ਬਾਦਸ਼ਾਹ ਸਲੀਮ ਪਹਿਲਾ ਬਹੁਤ ਖੁਸ਼ ਹੋਏ। ਬਾਦਸ਼ਾਹ ਨੇ ਗੁਰੂ ਜੀ ਤੋਂ ਅਪਣੀ ਰਾਜਧਾਨੀ ਇਸਤਨਬੁਲ ਜਾਣ ਦੀ ਆਗਿਆ ਮੰਗੀ। ਗੁਰੂ ਜੀ ਨੇ ਵਿਛੋੜੇ ਸ਼ੰਬੰਧੀ ਅਲਾਹੀ ਫੁਰਮਾਨ ਕਹਿ ਸੁਨਾਇਆ।


"ਜੁੜਿ ਜੁੜਿ ਵਿਛੁੜੇ ਵਿਛੁੜਿ ਜੁੜੇ ॥ ਜੀਵਿ ਜੀਵਿ ਮੁਏ ਮੁਏ ਜੀਵੇ॥ ਕੇਤਿਆ ਕੇ ਬਾਪ ਕੇਤਿਆ ਕੇ ਬੇਟੇ ਕੇਤੇ ਗੁਰ ਚੇਲੇ ਹੂਏ॥ ਆਗੈ ਪਾਛੈ ਗਣਤ ਨ ਆਵੈ ਕਿਆ ਜਾਤੀ ਕਿਆ ਹੁਣਿ ਹੂਏ॥ ਸਭੁ ਕਰਣਾ ਕਿਰਤੁ ਕਰਿ ਲਿਖੀਐ ਕਰਿ ਕਰਿ ਕਰਤਾ ਕਰੇ ਕਰੇ॥ ਮਨਮੁਖਿ ਮਰੀਐ ਗੁਰਮੁਖਿ ਤਰੀਐ ਨਾਨਕ ਨਦਰੀ ਨਦਰਿ ਕਰੇ॥੨॥"

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ-੧੨੩੮

ਇਹ ਸ਼ਬਦ ਸੁਣ ਕੇ ਸਲੀਮ, **ਇਸਤੰਬੁਲ** ਪਹੁੰਚ ਕੇ ਗੁਰੁਦੇਵ ਜੀ ਦਾ ਵਿਛੋੜਾ ਨਾ ਸਹਿਨ ਕਰਦਾ ਹੋਇਆ, ਸਤੰਬਰ (1520 ਈ:) ਵਿੱਚ ਅਕਾਲ ਚਲਾਣਾ ਕਰ ਗਿਆ।

**ਵਲੋਰੇ ਸਿਟੀ (ਅਲਬਾਨੀਆਂ) :** ਗੁਰੂ ਜੀ ਸਾਥੀਆਂ ਘੋੜਾ ਗਡੀਆਂ ਅਤੇ ਹੋਰ ਸਾਧਨ ਵਰਤ ਕੇ ਵਲੋਰੇ ਸ਼ਹਿਰ ਪਹੁੰਚ ਗਏ। ਇਹ ਸ਼ਹਿਰ ਵਲੋਰੇ ਸਟੇਟ ਦੀ ਰਾਜਧਾਨੀ ਹੈ।

**ਨਿਕੋਲਸ ਕੋਪਰਨੀਕਸ** ਵੀ ਉਥੇ ਆਇਆ ਹੋਇਆ ਸੀ। ਉਸ ਨੇ ਗੁਰੂ ਜੀ ਨਾਲ ਸੂਰਜ, ਚੰਦ ਅਤੇ ਕੁਦਰਤ ਬਾਰੇ ਖੁਲ੍ਹ ਕੇ ਵਰਤਾਲਾਪ ਕੀਤੀ। ਉਹ ਗੁਰੂ ਜੀ ਨੂੰ ਏਥਨਜ਼ ਤੇ ਰੋਮ ਵਿੱਚ ਵੀ ਮਿਲਿਆ ਸੀ। ਇਸ ਅਸਥਾਨ ਤੇ ਗੁਰੂ ਜੀ ਨੇ ਇਹ ਅਲਾਹੀ ਸ਼ਬਦ ਉਚਾਰਨ ਕੀਤਾ।


(1473-1543)


11ਵੀਂ ਸਦੀ ਵਿੱਚ ਔਲੋਨ ਨਾਮ ਨਾਲ ਵੱਸਿਆ ਸ਼ਹਿਰ

"ਮੁਕਾਮੁ ਕਰਿ ਘਰਿ ਬੈਸਣਾ ਨਿਤ ਚਲਣੈ ਕੀ ਧੋਖ ॥ ਮੁਕਾਮੁ ਤਾ ਪਰੁ ਜਾਣੀਐ ਜਾ ਰਹੈ ਨਿਹਚਲੁ ਲੋਕ॥੧॥
ਦੁਨੀਆ ਕੈਸਿ ਮੁਕਾਮੇ॥ ਕਰਿ ਸਿਦਕੁ ਕਰਣੀ ਖਰਚੁ ਬਾਧਹੁ ਲਾਗਿ ਰਹੁ ਨਾਮੇ ॥੧॥ ਰਹਾਉ॥

.........................................................

.........................................................

ਮੁਕਾਮੁ ਤਿਸ ਨੋ ਆਖੀਐ ਜਿਸੁ ਸਿਸਿ ਨ ਹੋਵੀ ਲੇਖੁ॥ ਅਸਮਾਨੁ ਧਰਤੀ ਚਲਸੀ ਮੁਕਾਮੁ ਓਹੀ ਏਕੁ ॥੭॥
ਦਿਨ ਰਵਿ ਚਲੈ ਨਿਸਿ ਸਸਿ ਚਲੈ ਤਾਰਿਕਾ ਲਖ ਪਲੋਇ॥ ਮੁਕਾਮੁ ਓਹੀ ਏਕੁ ਹੈ ਨਾਨਕਾ ਸਚੁ ਬੁਗੋਇ॥੮॥" ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ-੬੪

ਇਨ੍ਹਾਂ ਸ਼ਬਦਾਂ ਦੇ ਭਾਵ ਅਰਥ ਸੁਣ ਕੇ ਸਾਰੀ ਸੰਗਤ ਅਤੇ ਵਿਸ਼ੇਸ ਕਰ ਕੇ ਨਿਕੋਲੱਸ ਅਤੀ ਸੰਤੁਸ਼ਟ ਹੋਇਆ। ਉਹ ਕਈ ਦੇਸ਼ਾਂ ਦੀਆਂ ਲਾਇਬਰੇਰੀਆਂ ਛਾਣ ਕੇ ਆਇਆ ਸੀ। ਉਸ ਨੂੰ ਗੁਰੂ ਜੀ ਦਾ ਵਿਖਿਆਨ, ਸੰਪੂਰਨ ਅਤੇ ਸੱਚਾ ਲੱਗਾ। ਕਿਉਂ ਜੋ ਇਸ ਸ਼ਬਦ ਵਿੱਚ ਗੁਰੂ ਜੀ ਨੇ ਮਨੁੱਖ ਦੇ ਕਿਰਦਾਰ ਦੀ ਗੱਲ ਕੀਤੀ ਹੈ। **ਉਸ ਨੇ ਗੁਰੂ ਜੀ ਦੇ ਵਿਚਾਰਾਂ ਨੂੰ ਹੂਬਹੂ ਸੱਚ ਮੰਨਿਆ ਅਤੇ ਸਾਰੇ ਇਸਾਈ ਜਗਤ ਨੂੰ ਆਪਣੀ ਲਿਖਤ ਰਾਹੀਂ ਇਨ੍ਹਾਂ ਵਿਚਾਰਾਂ ਤੋਂ ਜਾਣੂ ਵੀ ਕਰਾਇਆ।**

**ਤੀਰਾਨੇ (ਅਲਬਾਨੀਆਂ) :-** ਗੁਰੂ ਜੀ ਸਾਰੀ ਸੰਗਤ ਸਮੇਤ ਘੋੜਾ ਗਡੀਆਂ ਅਤੇ ਹੋਰ ਸਾਧਨਾਂ ਰਾਹੀਂ ਤੀਰਾਨੇ ਪਹੁੰਚੇ। ਗੁਰੂ ਜੀ ਨੇ ਬਚਨ ਕੀਤੇ ਕਿ ਰੱਬ ਇਕ ਹੈ ਜਿਸ ਦਾ ਪੂਰੇ ਸੰਸਾਰ ਵਿੱਚ ਹੁਕਮ ਚਲਦਾ ਹੈ। ਉਹ ਅਕਾਲ ਪੁਰਖ ਉਨ੍ਹਾਂ ਮਨੁੱਖਾਂ ਨੂੰ ਸਤਿਕਾਰ ਦੇਂਦਾ ਹੈ ਜੋ ਉਸ ਦੇ ਪੈਦਾ ਕੀਤੇ ਜੀਵ ਜੰਤੂਆਂ ਨੂੰ ਪਿਆਰ ਕਰਦੇ ਹਨ। ਇਸ ਲਈ ਹਰ ਮਨੁੱਖ ਨੂੰ ਚਾਹੀਦਾ ਹੈ ਕਿ ਉਹ ਬਿਨਾਂ ਕਿਸੇ ਵਿਤਕਰੇ, ਜਾਤਿ, ਧਰਮ, ਫਿਰਕੇ, ਰੰਗਭੇਦ ਦੇ ਸਭ ਨੂੰ ਇੱਕੋ ਜਿਹਾ ਸਤਿਕਾਰ ਦੇਵੇ। ਇਸ ਸੰਬੰਧੀ ਗੁਰੂ ਜੀ ਨੇ ਇਹ ਅਲਾਹੀ ਸ਼ਬਦ ਉਚਾਰਨ ਕੀਤਾ।



ਇਸ਼ਾਮ ਦਰਿਆ ਕੇ ਕਿਨਾਰੇ ਵਸਿਆ ਪੁਰਾਤਨ ਸ਼ਹਿਰ

**"ਸਾਹਿਬੁ ਮੇਰਾ ਏਕੋ ਹੈ ਭਾਈ ਏਕੋ ਹੈ॥ ਰਹਾਉ॥ ਆਪੇ ਮਾਰੇ ਆਪੇ ਛੋਡੈ ਆਪੇ ਲੇਵੈ ਦੇਇ॥
ਆਪੇ ਵੇਖੈ ਆਪੇ ਵਿਗਸੈ ਆਪੇ ਨਦਰਿ ਕਰੇਇ॥"**

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ-੩੫੦

ਇਹ ਸ਼ਬਦ ਦੇ ਭਾਵ ਅਰਥ ਆਪਣੀ ਭਾਸ਼ਾ ਵਿੱਚ ਸਮਝ ਕੇ ਸਾਰੇ ਸਤੁੰਸ਼ਟ ਹੋ ਗਏ।



**ਇਸਤਨਬੁਲ (ਟਰਕੀ) :-**

ਗੁਰੂ ਜੀ ਸਾਰੇ ਸ਼ਰਧਾਲੂਆ ਨਾਲ ਬੁਲਗਾਰੀਆ ਦੇਸ਼ ਵਿੱਚ ਕਈ ਥਾਵਾਂ ਤੇ ਅਲਾਹੀ ਬਚਨ ਕਰਦੇ ਹੋਏ ਅਕਤੂਬਰ 1520 ਈ. ਇਸਤਨਬੁਲ (ਔਟਮ ਅੰਮਪਾਇਰ ਦੀ ਰਾਜਧਾਨੀ) ਪਹੁੰਚ ਗਏ। ਔਟਮ ਰਾਜ ਦਾ ਬਾਦਸ਼ਾਹ ਖਲੀਫਾ ਸਲੀਮ ਪਹਿਲਾ ਜੋ ਗੁਰੂ ਜੀ ਨਾਲ ਯੁਨਾਨ ਵਿੱਚ ਚਲਦਿਆਂ ਹੋਇਆਂ ਅਲਾਹੀ ਕੀਰਤਨ ਤੇ ਪ੍ਰਬਚਨਾਂ ਤੋਂ ਇਤਨਾ ਪਰਭਾਵਤ ਹੋਇਆ ਕਿ



ਦੋ ਮਹਾਂਦੀਪਾਂ, ਯੋਰਪ ਤੇ ਏਸ਼ੀਆ ਦੀ ਧਰਤੀ ਤੇ 2500 ਸਾਲ ਪੁਰਾਣਾ ਸ਼ਹਿਰ



ਉਹ ਗੁਰੂ ਜੀ ਦਾ ਵਿਝੋੜਾ ਸਹਿਨ ਨਾ ਕਰਦਾ ਹੋਇਆ ਸਤੰਬਰ 1520 ਈ. ਇਸਤੰਬੁਲ ਵਿੱਚ ਆ ਕੇ ਅੱਲਾ ਨੂੰ ਪਿਆਰਾ ਹੋ ਗਿਆ ਸੀ।

ਸੁਲਤਾਨ ਸਲੀਮ ਪਹਿਲੇ ਦੇ ਪੁੱਤਰ ਸੁਲਤਾਨ ਸੁਲੇਮਾਨ ਦੂਜੇ ਨੇ ਇਹ ਪੋਰਟਰੇਟ ਇਕ ਪ੍ਰਸਿੱਧ ਪੇਂਟਰ, ਗੈਸਪੁਰ ਪਾਸੋਂ 1565 ਈ. ਵਿੱਚ ਬਨਵਾਇਆ ਸੀ। ਇਹ ਪੋਰਟਰੇਟ **British Museum and History of Ancient and Medieval World.** ਤੋਂ ਪ੍ਰਾਪਤ ਹੋਈ ਹੈ।

ਆਪਣੇ ਸਿੱਖ, ਖਲੀਫਾ ਸਲੀਮ ਪਹਿਲੇ ਦੇ ਪੁੱਤਰ ਨੂੰ ਢਾਰਸ ਦੇਣ ਹਿੱਤ ਗੁਰੂ ਜੀ ਦਾ ਇਸਤਨਬੁਲ ਜਾਣਾ ਬਣਦਾ ਸੀ।

**Sultan Selim-I, The Disciple of Satguru Nanak Sahib.**

ਗੁਰੂਦੇਵ ਜੀ ਉੱਥੇ ਕਿਸ ਨਾਲ ਮਿਲੇ, ਕੀ ਵਿਚਾਰਾਂ ਹੋਈਆਂ ਇਹ ਵਿਸ਼ਾ ਅਜੇ ਇਤਿਹਾਸਕਾਰਾਂ ਲਈ ਖੋਜ ਦਾ ਮੁਥਾਜ ਹੈ। ਪ੍ਰੰਤੂ ਇਕ ਗੱਲ, ਜੋ ਖਲੀਫਾ ਸਲੀਮ ਪਹਿਲੇ ਦੇ ਜਾਨਸ਼ੀਨਾਂ ਦਾ ਗੁਰੂਦੇਵ ਜੀ ਪ੍ਰਤੀ ਅਸੀਮ ਸਤਿਕਾਰ ਦੀ ਗਵਾਹੀ ਭਰਦੀ ਹੈ, ਉਥੇ ਬਣਿਆ ਹੋਇਆ 'ਸ਼ਿਲਾਲੇਖ' ਹੈ। ਜਿਸ ਉੱਪਰ ਲਿਖੀ ਭਾਸ਼ਾ ਅਜੇ ਤੱਕ ਸੰਪੂਰਨ ਰੂਪ ਵਿੱਚ ਪੜ੍ਹੇ ਜਾਣ ਦੀ ਮੁਥਾਜ ਹੈ। ਇਸ ਸ਼ਿਲਾਲੇਖ ਦੀ ਕੇਵਲ ਪਹਿਲੀ ਸਤਰ ਦਾ ਉਲੱਥਾ ਵਿਦਵਾਨਾਂ ਵੱਲੋਂ ਇਸ ਤਰ੍ਹਾਂ ਕੀਤਾ ਗਿਆ ਹੈ।

"ਜਹਾਂਗੀਰ ਜਮਾਂ ਹਿੰਦ ਲਤ ਆਬਦੁ ਅਲ ਮਾਜੀਦ ਨਾਨਕ" ਭਾਵ "ਜ਼ਮਾਨੇ ਦਾ ਮਾਲਕ, ਹਿੰਦ ਦਾ ਬੰਦਾ ਰਬ ਦਾ ਨਾਨਕ"

**ਅੰਤ ਵਿੱਚ ਆਬਦ ਅਲ ਮਜੀਦ ਭਾਵ ਉਹ ਸਭਨਾਂ ਤੋਂ ਉੱਚਾ ਤੇ ਪਵਿੱਤਰ ਹੈ।**


Front


Back Side

## ਨਵੀਂ ਖੋਜ

ਇਸ ਸ਼ਿਲਾਲੇਖ ਤੋਂ ਸਪਸ਼ਟ ਹੁੰਦਾ ਹੈ ਕਿ ਗੁਰੂਦੇਵ ਜੀ ਕਾਬਾ (ਮੱਕਾ) ਤੋਂ ਸਿੱਧੇ 'ਬਗਦਾਦ' ਨਹੀਂ ਗਏ ਸਗੋਂ ਮੱਕੇ ਤੋਂ ਉਮਰਾ, ਮਦੀਨਾ, ਤਾਬਕ, ਜੋਰਡਨ, ਇਸਰਾਈਲ, ਕਾਹਿਰਾ (ਮਿਸਰ), ਲਿਬੀਆ, ਤਨਜਾਨੀਆ, ਮਰਾਕੋ, ਸਪੇਨ, ਪੁਰਤਗਾਲ, ਫਰਾਂਸ ਵਿੱਚ ਪੈਰਿਸ, ਬੈਲਜੀਅਮ, ਜਰਮਨੀ, ਆਸਟਰੀਆ, ਹੰਗਰੀ, ਕਰੋਸੀਆ, ਇਟਲੀ, ਗ੍ਰੀਸ , ਅਲਬਾਨੀਆ, ਸਰਬੀਆ, ਰੋਮਾਨੀਆ, ਬੁਲਗਾਰੀਆ, ਤੁਰਕੀ, ਜੌਰਜੀਆ, ਫਲਸਤੀਨ, ਅਜ਼ਰਬਾਈਜਾਨ, ਸੀਰੀਆ, ਲਿਬਨਾਨ, ਫਲਸਤੀਨ, ਆਦਿ ਤੋਂ ਹੁੰਦੇ ਹੋਏ ਈਰਾਕ ਵਿੱਚ 'ਬਗਦਾਦ' ਪਹੁੰਚੇ।

ਗੁਰੁਦੇਵ ਜੀ ਬਗਦਾਦ ਤੋਂ ਚੱਲ ਕੇ ਈਰਾਨ, ਤੁਰਕ ਮੇਨਿਸਤਾਨ, ਉਜ਼ਬੇਕਿਸਤਾਨ, ਕਜ਼ਾਕਿਸਤਾਨ, ਤਾਜਿਕਸਤਾਨ, ਅਫਗਾਨਿਸਤਾਨ ਦੀ ਯਾਤਰਾ ਕਰਦੇ ਹੋਏ ਵਾਪਸ ਪਰਤੇ। ਉਕਤ ਦੇਸ਼ਾਂ ਦੇ ਬਹੁਤ ਸਾਰੇ ਅਸਥਾਨਾਂ ਤੇ ਗੁਰੂ ਜੀ ਦੀ ਵਾਰਤਾਲਾਪ ਬਾਰੇ ਸੂਝਵਾਨ ਵਿਦਵਾਨ ਤੱਤਪਰ ਹੋ ਕੇ ਖੋਜ ਕਰਨ ਵਿੱਚ ਰੁੱਝੇ ਹੋਏ ਹਨ।

ਤੱਥਾਂ ਅਨੁਸਾਰ ਗੁਰੁਦੇਵ ਜੀ ਸੂਫੀ ਮੱਤ ਨਾਲ ਸੰਬੰਧਿਤ ਅਤੇ ਹਰ ਧਾਰਮਿਕ ਅਸਥਾਨ ਤੇ ਹਰ ਹੀਲੇ ਪਹੁੰਚਣ ਵਿੱਚ ਸਫਲ ਹੋਏ। ਪ੍ਰਾਚੀਨ ਸਭਿਅਤਾ ਮਿਸਰ, ਜੈਰੋਸਲਮ ਦੀ ਖੂੰਨੀ ਕੰਧ, ਸੂਫੀ ਰੋਮੀ ਕੋਨੀਆ (ਤੁਰਕੀ) ਆਦਿ ਵਿੱਚ ਵੀ ਗਏ।

ਕਾਜ਼ੀ ਅਤੇ ਹਾਜੀ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਨਾਨਕ ਹਿੰਦਵੀ ਜਾਂ ਨਾਨਕ ਹਿੰਦਕੀ ਕਹਿੰਦੇ ਹਨ। ਇਸੇ ਲਈ ਸ਼ਿਲਾਲੇਖ ਦੀ ਪਹਿਲੀ ਲਾਈਨ ਗੁਰੂ ਜੀ ਦੇ ਸਤਿਕਾਰ ਵਜੋਂ ਇੰਝ ਪੜ੍ਹੀ ਜਾਂਦੀ ਹੈ:- "ਹਿੰਦ ਦਾ ਬੰਦਾ, ਰੱਬ ਦਾ ਨਾਨਕ"

ਸ਼ਾਇਦ ਇਸੇ ਕਰਕੇ ਸਿੱਖ ਖੋਜੀ, ਇਤਿਹਾਸਕਾਰ ਅਤੇ ਵਿਦਵਾਨ ਇਸ ਦੀ ਅਗਲੇਰੀ ਖੋਜ ਕਰਨ ਲਈ ਵਧੇਰੇ ਤੱਤਪਰ ਹਨ। ਜਿਸ ਦੇ ਫਲਸਰੂਪ ਹਰ ਕੋਈ ਆਪਣੇ ਆਪਣੇ ਜਾਣਕਾਰ ਸੂਤਰਾਂ ਤੋਂ ਇਸ ਸ਼ਿਲਾਲੇਖ ਦੀ ਅਸਲੀਅਤ ਜਾਨਣ ਲਈ ਉਤਸੁਕਤਾ ਵਿਖਾ ਰਿਹਾ ਹੈ। ਸਿੱਖ ਜਗਤ ਵਿੱਚ ਇਸ ਤੱਥ ਨੂੰ ਸੰਪੂਰਨ ਰੂਪ ਵਿੱਚ ਉਘਾੜਨ ਲਈ ਹਲਚਲ ਮੱਚੀ ਹੋਈ ਹੈ।



**ਬਾਕੂ (ਅਜ਼ਰਬਾਈਜਾਨ) :** ਗੁਰੂ ਜੀ ਸਾਥੀਆਂ ਸਮੇਤ ਇਸਤਨਬੁਲ ਤੋਂ ਕਾਲਾ ਸਾਗਰ ਲੰਘ ਕੇ **ਜੌਰਜੀਆ** ਵਿੱਚ ਅਲਾਹੀ ਬਚਨ ਕਰਦੇ ਹੋਏ, ਬਾਕੂ ਪਹੁੰਚ ਗਏ। ਇਹ ਸ਼ਹਿਰ **ਚੀਨ, ਸੀਰੀਆ, ਭਾਰਤ, ਈਰਾਨ, ਮਿਸਰ, ਰੂਸ, ਅਰਬ ਦੇਸ਼, ਉੱਤਰੀ ਅਫਰੀਕਾ ਅਤੇ ਯੂਰਪੀਨ ਦੇਸ਼ਾਂ** ਦੇ ਵਪਾਰਕ ਰਾਹ (ਸਿਲਕ ਰੋਡ) ਤੇ ਸਥਿਤ ਹੈ ਅਤੇ **ਰੂਸ/ ਸੋਵੀਅਟ ਯੂਨੀਅਨ** ਦਾ ਹਿੱਸਾ ਵੀ ਹੈ।




8ਵੀਂ ਸਦੀ ਈਸਵੀਂ ਤੋਂ ਪਹਿਲਾਂ ਦਾ ਵਸਿਆ ਸ਼ਹਿਰ

ਬਾਕੂ ਤੋਂ 20 ਕੀ: ਮੀ: ਦੂਰ ਸੁਰਾਖਾਨੀ ਵਿੱਚ ਛੇਵੀਂ ਸਦੀ ਈਸਵੀ ਤੋਂ ਕੁਦਰਤੀ ਗੈਸ ਨਿਰੰਤਰ ਰਿਸਦੀ ਆ ਰਹੀ ਹੈ (ਜੋ ਕਿ ਜਵਾਲਾ ਜੀ ਹਿਮਾਚਲ ਪ੍ਰਦੇਸ਼ ਵਾਂਗ ਪੂਜਨੀਕ ਥਾਂ ਹੈ।) ਭਾਰਤੀ ਬ੍ਰਾਹਮਣ, ਸਨਿਆਸੀ, ਆਦਿ ਉੱਥੇ ਜਾ ਕੇ ਵਸੇ ਹੋਏ ਹਨ। ਜਿਸ ਦੇ ਫਲਸਰੂਪ ਉਸ ਜਵਾਲਾ (ਆਤਿਸ਼ਗਾਹ) ਦੇ ਅਹਾਤੇ ਅੰਦਰ, ਸੰਸਕ੍ਰਿਤ, ਫਾਰਸੀ, ਗੁਰਮੁੱਖੀ ਆਦਿ ਲਿੱਪੀਆਂ ਵਿੱਚ ਸ਼ਿਲਾਲੇਖ ਵੇਖਣ ਨੂੰ ਮਿਲਦੇ ਹਨ। ਇਹ ਸਾਰਾ ਕੁਝ, ਗੁਰੂ ਨਾਨਕ ਦੇਵ ਜੀ ਦੀ ਉਸ ਥਾਂ ਦੀ ਯਾਤਰਾ ਕਰਨ ਉਪ੍ਰੰਤ ਹੀ ਵਾਪਰਿਆ ਹੈ।


1975 ਵਿੱਚ ਇੱਥੇ ਇਕ ਅਜਾਇਬ ਘਰ ਬਣਾਇਆ ਗਿਆ। ਇਸ ਅਜਾਇਬ ਘਰ ਨੂੰ ਵੇਖਣ ਲਈ ਸੰਸਾਰ ਭਰ ਤੋਂ ਹਰ ਸਾਲ 15000 ਤੋਂ ਵਧੇਰੇ ਯਾਤਰੀ ਆਉਂਦੇ ਹਨ। ਇੱਥੇ ਸ਼ਿਲਾਲੇਖਾਂ ਉੱਪਰ ਮੂਲ ਮੰਤਰ ਦੀ ਖੁਦਾਈ ਸਾਬਤ ਕਰਦੀ ਹੈ ਕਿ ਗੁਰੂਦੇਵ ਜੀ ਨੇ ਇਸ ਅਸਥਾਨ ਤੇ ਇਕ ਰੱਬ ਹੋਣ ਬਾਰੇ ਭਰਵਾਂ ਪ੍ਰਚਾਰ ਕੀਤਾ।

ਪੂਰਬੀ ਤੇ ਪੱਛਮੀ ਦੇਸ਼ਾਂ ਦੇ ਸਾਰੇ ਵਪਾਕਰ ਸ਼ਾਹ ਰਸਤੇ ਅਜ਼ਰਬਾਈਜਾਨ ਵਿਚਦੀ ਹੋ ਕੇ ਲੰਘਦੇ ਹਨ। ਵਪਾਰੀ ਇੱਥੇ ਪਹੁੰਚ ਕੇ ਸਾਹ ਲੈਂਦੇ ਹਨ।





ਅਜੈਬਘਰ (ਅੰਦਰਲਾ ਦ੍ਰਿਸ਼)



ਸੰਸਕ੍ਰਿਤ ਭਾਸ਼ਾ ਵਿੱਚ ਉੱਕਰਿਆ ਸ਼ਿਲਾਲੇਖ ਅਤੇ 'ਸ਼ਿਵਜੀ ਦੀ ਮੂਰਤੀ'



ਆਤਸ਼ਗਾਹ (ਬਾਕੂ)



ਅਜੈਬਘਰ ਦਾ ਗੇਟ



ਮੂਲ ਮੰਤਰ



ਨਟਰਾਜ ਮੰਦਰ (ਆਤਸ਼ਗਾਹ)



ਆਤਸ਼ਗਾਹ




**ਅਲੇਪੋ (ਸੀਰੀਆ) :-** ਗੁਰੂ ਜੀ ਸੰਗਤ ਸਮੇਤ ਰਸਤੇ ਵਿੱਚ ਅਲਾਹੀ ਬਚਨ ਬਿਲਾਸ ਕਰਦੇ ਹੋਏ ਸੀਰੀਆ ਦੇਸ਼ ਦੇ ਅਲੇਪੋ ਸ਼ਹਿਰ ਵਿੱਚ ਪਹੁੰਚ ਗਏ। ਆਰਾਮ ਕਰਨ ਉਪ੍ਰੰਤ ਗੁਰੂ ਜੀ ਨੇ ਕਿਹਾ **"ਮਰਦਾਨਿਆਂ ਰਬਾਬ ਛੇੜ ਬਾਣੀ ਆਈ ਹੈ।"**



2000 ਸਾਲ ਤੋਂ ਪੁਰਾਣਾ ਸ਼ਹਿਰ

"ਨਾਨਕ ਫਿਕੈ ਬੋਲਿਐ ਤਨੁ ਮਨੁ ਫਿਕਾ ਹੋਇ।। ਫਿਕੋ ਫਿਕਾ ਸਦੀਐ ਫਿਕੇ ਫਿਕੀ ਸੋਇ।।
ਫਿਕਾ ਦਰਗਹ ਸਟੀਐ ਮੁਹਿ ਥੁਕਾ ਫਿਕੇ ਪਾਇ।। ਫਿਕਾ ਮੂਰਖੁ ਆਖੀਐ ਪਾਣਾ ਲਹੈ ਸਜਾਇ।।" **ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ-473**

**ਉੱਥੋਂ ਦੇ ਹੁਕਮਰਾਨ ਨੇ ਪੀਰ ਅਬਦੁਲ ਰਹਿਮਾਨ ਰੂਮੀ** ਨੂੰ ਸੰਗੀਤ ਬੰਦ ਕਰਾਉਣ ਲਈ ਭੇਜਿਆ। ਪ੍ਰੰਤੂ ਉਹ ਵੀ ਰੱਬੀ ਸੰਗੀਤ ਸੁਣ ਕੇ ਸੁਧ-ਬੁਧ ਗੁਆ ਬੈਠਾ। ਹੁਕਮਰਾਨ ਆਪ ਵੀ ਉੱਥੇ ਆ ਕੇ ਗੁਰੂ ਜੀ ਦੇ ਅਲਾਹੀ ਵਚਨਾਂ ਤੋਂ ਪ੍ਰਭਾਵਤ ਹੋ ਕੇ, ਸ਼ੇਖ਼ ਫਰੀਦ ਜੀ ਦੀ ਮਸੀਤ ਨੇੜੇ ਵਲੀ ਹਿੰਦ (ਗੁਰੂ ਨਾਨਕ) ਦਾ ਅਸਥਾਨ ਬਣਵਾ ਦਿੱਤਾ।

**ਦਮਾਸਕਸ (ਸੀਰੀਆ) :-** ਗੁਰੂ ਜੀ ਸੰਗਤ ਸਮੇਤ **ਜੱਬਾਲ, ਸਫੀਰਾ, ਸਰਾਕਿਬ, ਆਭਾ, ਹਮਾਹ, ਹੋਮਸ, ਅਨ-ਨਾਬਕ** ਆਦਿ ਸ਼ਹਿਰਾਂ ਵਿੱਚ ਅਲਾਹੀ ਬਚਨ ਕਰਦਿਆਂ ਦਮਾਸਕਸ ਪਹੁੰਚ ਗਏ। ਇਹ ਸ਼ਹਿਰ ਬਰਾਦਾ ਨਦੀ ਦੇ ਕੰਢੇ ਤੇ ਵੱਸਿਆ ਹੋਇਆ ਹੈ ਅਤੇ ਮੁਸਲਿਮ ਭਾਈਚਾਰੇ ਵਾਸਤੇ ਪਵਿੱਤਰ ਸ਼ਹਿਰਾਂ ਵਿੱਚੋਂ ਇਕ ਮੰਨਿਆ ਗਿਆ ਹੈ।


6ਵੀਂ ਸਦੀ ਈ. ਤੋਂ ਪੁਰਾਣਾ ਸ਼ਹਿਰ




**ਬਗਦਾਦ (ਈਰਾਕ) :-** ਗੁਰੂ ਜੀ ਸੰਗਤ ਸਮੇਤ **ਅਰਜਰੂਮ, ਮਸੋਲ, ਦਜਲਾ, ਟਿਕਰਿੱਤ** ਆਦਿ ਸ਼ਹਿਰਾਂ ਵਿੱਚ ਅਲਾਹੀ ਬਚਨ ਬਿਲਾਸ ਕਰਦੇ ਹੋਏ ਬਗਦਾਦ ਆ ਕੇ ਵਿਚਕਾਰਲੇ ਬਾਗ ਵਿੱਚ ਡੇਰਾ ਲਾ ਲਿਆ। ਅਗਲੇ ਦਿਨ ਸੂਰਜ ਚੜ੍ਹਨ ਪਹਿਲਾਂ ਪ੍ਰਭਾਤ ਵੇਲੇ ਦੀ ਨਮਾਜ਼ ਸਮੇਂ ਉੱਚੀ ਆਵਾਜ਼ ਵਿੱਚ ਰਬਾਬੀ ਸੰਗੀਤ ਨਾਲ ਪ੍ਰਭੂ ਦੇ ਗੁਣ ਗਾਇਨ ਕਰਨੇ ਆਰੰਭ ਦਿੱਤੇ। ਇਸ ਅਕਾਲ ਉਸਤੱਤ ਨੂੰ **'ਬਾਂਗ/ਆਜ਼ਾਨ'** ਸਮਝ ਕੇ ਪੀਰ ਬਹਿਲੋਲ ਦੇ ਉੱਤਰ ਅਧਿਕਾਰੀ ਬਹੁਤ ਪ੍ਰਭਾਵਿਤ ਹੋਏ ਪ੍ਰੰਤੂ ਕੱਟੜਪੰਥੀ ਇਸ ਸੰਗੀਤਮਈ 'ਬਾਂਗ' ਤੋਂ ਖੁਸ਼ ਨਹੀਂ ਸਨ। ਉਨ੍ਹਾਂ ਦਾ ਮੰਨਣਾ ਸੀ ਕਿ ਜਦੋਂ **'ਸ਼ਰ੍ਹਾ'** ਵਿੱਚ ਸੰਗੀਤ ਹਰਾਮ ਹੈ ਤਾਂ **'ਬਾਂਗ'** ਦੇ ਨਾਲ ਸੰਗੀਤ ਦੀ ਵਰਤੋਂ ਕਿਉਂ ਕੀਤੀ ਗਈ। ਉਸ ਸਮੇਂ ਗੁਰੂ ਜੀ ਇਸ ਅਲਾਹੀ ਸ਼ਬਦ ਦਾ ਗਾਇਨ ਕਰ ਰਹੇ ਸਨ।

"ਪਾਤਾਲਾ ਪਾਤਾਲ ਲਖ ਆਗਾਸਾ ਆਗਾਸ॥ ਓੜਕ ਓੜਕ ਭਾਲਿ ਥਕੇ ਵੇਦ ਕਹਨਿ ਇਕ ਵਾਤ॥
ਸਹਸ ਅਠਾਰਹ ਕਹਨਿ ਕਤੇਬਾ ਅਸੁਲੂ ਇਕੁ ਧਾਤੁ॥ ਲੇਖਾ ਹੋਇ ਤ ਲਿਖੀਐ ਲੇਖੈ ਹੋਇ ਵਿਣਾਸੁ॥
ਨਾਨਕ ਵਡਾ ਆਖੀਐ ਆਪੇ ਜਾਣੈ ਆਪੁ॥੨੨॥"

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ- ੫




**Construction of Baghdad under Caliph Al-Mansur (30th July 762 )**

ਭਾਈ ਮਰਦਾਨਾ ਜੀ ਦੇ ਮਧੁਰ ਸੰਗੀਤ ਅਤੇ ਆਪ ਜੀ ਦੀ ਮਿੱਠੀ ਆਵਾਜ਼ ਵਿੱਚ ਲੋਕਾਂ ਨੇ ਜਦੋਂ ਹਰਿ ਜੱਸ ਸੁਣਿਆ ਤਾਂ ਉਹ ਅੰਤਰ-ਧਿਆਨ ਹੋ ਕੇ ਸੁਣਦੇ ਹੀ ਰਹਿ ਗਏ। ਕੁਝ ਬੁੱਧੀਮਾਨ ਵਿਅਕਤੀ ਗੁਰੂ ਜੀ ਨਾਲ ਇਸ ਸੰਬੰਧ ਵਿੱਚ ਅਧਿਆਤਮਿਕ ਵਿਚਾਰ-ਵਟਾਂਦਰਾ ਕਰਨ ਲੱਗੇ।

**ਪੀਰ ਦਸਤਗੀਰ ਅਤੇ ਉਸ ਦਾ ਬੇਟਾ ਵੀ ਆ ਗਏ।** ਉਨ੍ਹਾਂ ਨੇ ਪੁੱਛਿਆ ਕਿ ਤੁਸੀਂ ਆਪਣੇ ਕਲਾਮ ਵਿੱਚ ਅਨੇਕਾਂ ਪਤਾਲਾਂ ਅਤੇ ਅਨੇਕਾਂ ਅਕਾਸ਼ਾਂ ਦਾ ਵਰਣਨ ਕੀਤਾ ਹੈ, ਜਦ ਕਿ ਇਸਲਾਮ ਮੱਤ ਅਨੁਸਾਰ ਪੂਰੇ ਬ੍ਰਹਿਮੰਡ ਵਿੱਚ ਕੇਵਲ **ਸੱਤ ਆਕਾਸ਼** ਅਤੇ **ਸੱਤ ਪਾਤਾਲ (ਚੌਦਾਂ ਤਬਕੇ)** ਹਨ। ਇਹ **'ਸ਼ਰ੍ਹਾ'** ਦੇ ਉਲਟ ਕਿਉਂ?

**ਗੁਰੂ ਜੀ ਨੇ ਕਿਹਾ, "ਮਾਨਵ ਬੁੱਧੀ ਸੀਮਿਤ ਹੈ। ਉਹ ਆਪਣੀ ਤੁੱਛ ਬੁੱਧੀ ਅਨੁਸਾਰ 'ਵਿਸ਼ਾਲ ਪ੍ਰਭੂ ਦੀ ਪੂਰਨ ਰੂਪ ਵਿੱਚ ਵਿਆਖਿਆ ਨਹੀਂ ਕਰ ਸਕਦਾ ਕਿਉਂ ਜੋ ਪ੍ਰਭੂ ਅਨੰਤ ਹੈ। ਉਸ ਦੇ ਅਨੇਕਾਂ ਰੂਪ ਹਨ। ਉਸ ਨੂੰ ਹੱਦਾਂ ਵਿੱਚ ਬੰਨਣਾ ਉਸ ਦਾ ਅਪਮਾਨ ਹੀ ਨਹੀਂ, ਸਗੋਂ ਉਸ ਦੀ ਵਿਸ਼ਾਲਤਾ ਨੂੰ ਵੰਗਾਰਨਾ ਹੈ।** ਜਿੱਥੋਂ ਤੱਕ ਰਾਗ ਅਥਵਾ ਸੰਗੀਤ ਦਾ ਸੰਬੰਧ ਹੈ। ਉਸ ਦੀ ਸਹੀ ਵਰਤੋਂ ਨੂੰ ਨਾ ਸਮਝਣ ਦੇ ਕਾਰਨ ਹੀ ਭਰਮ ਪੈਦਾ ਹੋ ਜਾਂਦੇ ਹਨ। ਜੇ ਰਾਗ ਅਤੇ ਸੰਗਤ ਦੀਆਂ ਉਹ ਕਿਸਮਾਂ ਵਰਤੋਂ ਵਿੱਚ ਲਿਆਈਏ, ਜਿਨ੍ਹਾਂ ਦੇ ਸਰਵਣ ਕਰਨ ਨਾਲ ਮਨ ਸ਼ਾਂਤ ਹੁੰਦਾ ਹੈ ਤਾਂ ਸੰਗੀਤ ਹਰਾਮ ਨਹੀ। ਕਿਉਂਕਿ ਇਸ ਦੁਆਰਾ ਖੁਦਾ ਦੀ ਉਸਤੱਤ ਹੁੰਦੀ ਹੈ। ਮਨੁੱਖ ਤਾਂ ਮਨੁੱਖ, **ਅਲਾਹੀ ਰਾਗ ਤਾਂ ਪੱਥਰਾਂ ਨੂੰ ਵੀ ਪਿਘਲਾ ਦੇਂਦਾ ਹੈ। ਰਾਗ ਆਤਮਾ ਦਾ ਭੋਜਨ ਹੈ।** ਰਾਗ ਵਿੱਚ ਜੇ ਈਸ਼ਵਰ ਦੀ ਮਹਿਮਾ ਨੂੰ ਸ਼ਾਮਿਲ ਕਰ ਲਿਆ ਜਾਵੇ ਤਾਂ **ਰਾਗ ਪਵਿੱਤਰ ਆਰਾਧਨਾ ਬਣ ਜਾਂਦਾ ਹੈ।"**



**ਗੁਰੂਦੇਵ ਜੀ ਬਗਦਾਦ ਵਿੱਚ ਸਵੇਰ ਵੇਲੇ ਅਕਾਲ ਉਸਤੱਤ ਕਰਦਿਆਂ**

ਗੁਰੂ ਜੀ ਦੁਆਰਾ ਕੀਤੀ ਗਈ ਵਿਆਖਿਆ ਸੁਣ ਕੇ **ਪੀਰ ਦਸਤਗੀਰ** ਅਤੇ ਉਨ੍ਹਾਂ ਦਾ ਪੁੱਤਰ ਸੰਤੁਸ਼ਟ ਹੋ ਗਏ। ਪਰ ਉਨ੍ਹਾਂ ਨੇ ਇਕ ਹੋਰ ਪ੍ਰਸ਼ਨ ਕੀਤਾ, "ਆਪ ਜੀ ਨੇ ਜੋ **'ਬਾਂਗ'** ਪ੍ਰਭਾਤ ਵੇਲੇ ਦਿੱਤੀ ਸੀ ਉਹ ਤਾਂ ਅਧੂਰੀ ਸੀ। ਉਸ ਵਿੱਚ ਆਪ ਜੀ ਨੇ **'ਮੁਹੰਮਦ ਰਸੂਲ, ਲਿੱਲਾਹ'** ਕਿਉਂ ਨਹੀਂ ਉਚਾਰਨ ਕੀਤਾ? ਗੁਰੂਦੇਵ ਜੀ ਨੇ ਕਿਹਾ, "ਮੈਂ ਆਪਣੀ ਭਾਸ਼ਾ ਵਿੱਚ ਕਿਹਾ ਸੀ-**'ਈਸ਼ਵਰ ਮਹਾਨ ਹੈ।**

**ਨਬੀ, ਰਸੂਲ, ਪੈਗੰਬਰ, ਇਸ ਧਰਤੀ ਤੇ ਉਸਾਰੂ ਵਿਧੀ-ਵਿਧਾਨ ਲੈ ਕੇ ਆਉਂਦੇ ਰਹੇ ਹਨ ਤੇ ਆਉਂਦੇ ਰਹਿਣਗੇ।**



Rare Oldest painting, 16th century, of Guru Nanak in Baghdad Museum that is not made on imagination but on actual features as witnessed by the painter. Made by Kamal-ud-din Behzad (1450-1535) of Tabriz, in Baghdad during one of Guru Nanak's Udasis.

ਇਤਨੇ ਨੂੰ ਖਲੀਫਾ ਬਕਰ ਤੇ ਅਬਦੁਲ ਵਜੀਦ ਵੀ ਇਸ ਸੰਗੀਤਮਈ ਅਲਾਹੀ ਬਾਣੀ ਨੂੰ ਰੋਕਣ ਲਈ ਉੱਥੇ ਆ ਨਿਕਲੇ। ਪ੍ਰੰਤੂ ਉਹ ਵੀ ਰੂਹਾਨੀ ਸੰਗੀਤ ਨੂੰ ਸੁਣ ਕੇ ਮਗ਼ਨ ਹੋ ਗਏ। ਕਟੜਪੰਥੀ ਭੀੜ ਹੱਥਾਂ ਵਿੱਚ ਪੱਥਰ ਫੜੀ ਗੁਰੂ ਜੀ ਅਤੇ ਮਰਦਾਨਾ ਜੀ ਨੂੰ ਮਾਰਨ ਆ ਗਈ ਪ੍ਰੰਤੂ ਜਦੋਂ ਉਨ੍ਹਾਂ ਨੇ ਅਕਾਲ ਉਸਤੱਤ ਸੁਣੀ ਤਾਂ ਉਨ੍ਹਾਂ ਦੇ ਹੱਥਾਂ ਵਿੱਚ ਮਾਰਨ ਵਾਸਤੇ ਫੜੇ ਹੋਏ ਪੱਥਰ ਆਪ ਮੁਹਾਰੇ ਹੀ ਡਿੱਗ ਪਏ। ਕਟੜਪੰਥੀ ਭਲੀ ਭਾਂਤ ਜਾਣ ਗਏ ਕਿ ਇਹ ਵਿਅਕਤੀ ਕੋਈ ਹੋਰ ਨਹੀਂ, ਨਾਨਕ ਫਕੀਰ ਜੀ ਹਨ। ਜਿਨ੍ਹਾਂ ਦੇ ਅਲਾਹੀ ਬਚਨ ਸੁਣ ਕੇ ਖਲੀਫਾ ਸੁਲਤਾਨ ਸਲੀਮ ਪਹਿਲਾ, ਮੁਰੀਦ ਬਣ ਗਿਆ

ਅਤੇ ਕਾਭੇ ਦੇ ਮੁਖੀ ਰੁਕਨਦੀਨ ਨੇ ਤਾਂ ਆਪਣਾ ਆਪਾ ਕੁਰਬਾਨ ਕਰ ਦਿੱਤਾ ਹੈ। ਇਹ ਵਿਚਾਰ ਕੇ ਉਹ ਸਾਰੇ ਗੁਰੂ ਜੀ ਦੇ ਚਰਨੀਂ ਢਹਿ ਪਏ ਅਤੇ ਪੱਕੇ ਚੇਲੇ ਬਣ ਗਏ।

ਨਿਮਰਤਾ ਦੇ ਘਰ ਵਿੱਚ ਆ ਕੇ ਪੀਰ ਦਸਤਗੀਰ ਆਖਣ ਲੱਗਾ, "ਆਰੰਭ ਤੋਂ ਹੀ ਮੇਰੇ ਮਨ ਤੇ ਬਹੁਤ ਭਾਰ ਰਹਿੰਦਾ ਹੈ ਕਿ :

**(1) ਜਿਸ ਖੁਦਾ ਨੇ ਸ੍ਰਿਸ਼ਟੀ ਰਚੀ ਹੈ, ਉਸ ਖੁਦਾ ਦੀ ਰਚਨਾ ਕਿਸਨੇ ਕੀਤੀ ਹੈ?**

**(2) ਖੁਦ/ਰੱਬ ਕਿਥੇ ਰਹਿੰਦਾ ਹੈ?**

**(3) ਅੱਲਾ/ਰੱਬ ਦਾ ਕੰਮ ਕੀ ਹੈ ਭਾਵ ਉਹ ਕਿ ਕਰਦਾ ਹੈ?**

ਗੁਰੂ ਜੀ ਨੇ ਸਹਿ ਸੁਭਾ ਪੀਰ ਦਸਤਗੀਰ ਵਲ ਤੱਕਿਆ ਅਤੇ ਆਖਿਆ, "ਪੀਰ ਜੀ ਇਹ ਜੋ ਹੀਰੇ ਪਏ ਹਨ, ਇਨ੍ਹਾਂ ਦੀ ਗਿਣਤੀ ਕਰੋ। ਪੀਰ ਜੀ ਮਨ ਹੀ ਮਨ ਵਿੱਚ ਹੈਰਾਨ ਹੋਏ। ਪ੍ਰੰਤੂ ਫਿਰ ਵੀ ਹੀਰੇ ਗਿਣਨੇ ਸ਼ੁਰੂ ਕਰ ਦਿੱਤੇ।

ਇਕ-ਦੋ-ਤਿੰਨ-ਚਾਰ। ਚਾਰ ਤੱਕ ਪਹੁੰਚੇ ਤਾਂ ਗੁਰੂ ਜੀ ਨੇ ਰੋਕ ਕੇ ਕਿਹਾ, " ਪੀਰ ਜੀ ਆਪ ਜੀ ਨੂੰ ਗਿਣਤੀ ਕਰਨੀ ਨਹੀਂ ਆਈ, ਫਿਰ ਗਿਣੋਂ।" ਜਦੋਂ ਪੀਰ ਜੀ ਨੇ ਦੂਜੀ ਵਾਰ ਚਾਰ ਤੱਕ ਗਿਣਿਆ। ਗੁਰੂ ਜੀ ਨੇ ਫਿਰ ਰੋਕ ਕੇ ਕਿਹਾ, "ਪੀਰ ਜੀ ਤੁਸੀਂ ਗਿਣਤੀ ਠੀਕ ਤਰ੍ਹਾਂ ਨਹੀਂ ਕੀਤੀ। ਫਿਰ ਗਿਣੋ।"

ਪੀਰ ਜੀ ਨੂੰ ਥੋੜਾ ਗੁਸਾ ਤਾਂ ਲੱਗਾ, ਪਰ ਉਹ ਤੀਜੀ ਵਾਰ ਫਿਰ ਗਿਣਨ ਲਈ ਤਿਆਰ ਹੋ ਗਏ ਅਤੇ ਕਿਹਾ ਕਿ ਉਹ ਜਿਥੇ ਵੀ ਗਲਤ ਹੋਏਗਾ, ਰੋਕ ਦੇਣਾ। ਜਿਉਂ ਹੀ ਪੀਰ ਜੀ ਨੇ ਇਕ ਬੋਲਿਆ ਗੁਰੂ ਜੀ ਉਸ ਨੂੰ ਰੋਕ ਕੇ ਆਖਿਆ ਪੀਰ ਜੀ ਇੱਕ ਤੋਂ ਪਹਿਲਾਂ ਵੀ ਗਿਣੋ । ਪੀਰ ਜੀ ਘਬਰਾਏ ਹੋਏ ਬੋਲ ਉੱਠੇ, "ਇਕ ਤੋਂ ਪਹਿਲਾਂ ਤਾਂ ਕੁਝ ਵੀ ਨਹੀਂ ਹੁੰਦਾ।" ਗੁਰੂ ਜੀ ਦੇ ਬੋਲ ਸਨ, "ਹਾਂਜੀ, ਇਹੀ ਤਾਂ ਮੈਂ ਆਪ ਨੂੰ ਸਮਝਾਉਣਾ ਚਾਹੁੰਦਾ ਹਾਂ ਕਿ ਇੱਕ ਤੋਂ ਪਹਿਲਾਂ ਕੁਝ ਵੀ ਨਹੀਂ ਹੈ। ਜੋ ਹੈ ਉਹ ਤ੍ਰਿਕਾਲ ਦਰਸ਼ੀ ਅੱਲਾ/ਰੱਬ ਹੀ ਹੈ।"

ਇਹ ਕਹਿ ਕੇ ਗੁਰੂ ਜੀ ਉਚਾਰਨ ਲੱਗੇ, " ੧ਓ ਸਤਿ ਨਾਮ ਕਰਤਾਪੁਰਖ ਨਿਰ ਭਉ ਨਿਰ ਵੈਰ ਅਕਾਲ ਮੂਰਤ ਅਜੂਨੀ ਸੈਭੰ ਗੁਰਪ੍ਰਸਾਦਿ।।" ਇਸ ਦਾ ਭਾਵ ਅਰਥ ਸੁਣ ਕੇ ਪੀਰ ਜੀ ਅਤੇ ਸਾਰੇ ਸਰੋਤੇ ਪ੍ਰਸੰਨ ਹੋਏ ਅਤੇ ਪੀਰ ਜੀ ਨੇ ਦੂਜਾ ਪ੍ਰਸ਼ਨ, "ਅੱਲਾ/ਰੱਬ ਕਿੱਥੇ ਰਹਿੰਦਾ ਹੈ", ਦੁਹਰਾਇਆ।

ਗੁਰੂ ਜੀ ਨੇ ਮਿਹਰ ਦੇ ਘਰ ਵਿਚ ਆ ਕੇ ਪੀਰ ਜੀ ਕੋਲੋਂ ਦੁਧ ਦਾ ਕਟੋਰਾ ਮੰਗਵਾਇਆ ਅਤੇ ਆਖਿਆ, "ਇਸ ਦੁਧ ਵਿੱਚ ਕੁਝ ਹੈ।" ਪੀਰ ਜੀ ਨੂੰ ਸ਼ੰਕਾ ਹੋਈ ਸ਼ਾਇਦ ਲਿਆਉਣ ਵਾਲੇ ਨੇ ਦੁਧ ਵਿੱਚ ਕੁਝ ਪਾ ਦਿੱਤਾ ਹੋਵੇਗਾ। ਪ੍ਰੰਤੂ ਉਹ ਪੂਰੇ ਵਿਸ਼ਵਾਸ ਨਾਲ ਬੋਲਿਆ, " ਦੁਧ ਵਿੱਚ ਕੁਝ ਨਹੀਂ ਪਾਇਆ ਜੀ।" ਗੁਰੂ ਜੀ ਨੇ ਫਿਰ ਕਿਹਾ, " ਧਿਆਨ ਨਾਲ ਦੇਖੋ ਇਸ ਦੁਧ ਵਿੱਚ ਕੁਝ ਜਰੂਰ ਹੈ।" ਇਸ ਵਾਰੀ ਪੀਰ ਜੀ ਕਹਿਣ ਲੱਗੇ, "ਜੇ ਆਪ ਜੀ ਨੂੰ ਦੁਧ ਵਿੱਚ ਕੁਝ ਦਿਸਦਾ ਹੈ ਤਾਂ ਸਾਨੂੰ ਵੀ ਵਿਖਾਉ।"

ਗੁਰੂ ਜੀ ਨੇ ਕਿਹਾ, " ਦੁਧ ਵਿੱਚ ਮੱਖਣ ਹੁੰਦਾ ਹੈ, ਪ੍ਰੰਤੂ ਤੁਸੀਂ ਦੱਸੋ ਉਹ ਦਿਸਦਾ ਕਿਉਂ ਨਹੀਂ।" ਪੀਰ ਜੀ ਝੱਟ ਬੋਲ ਪਏ, "ਹਾਂਜੀ, ਸੱਚ ਮੁੱਚ ਦੁਧ ਵਿੱਚ ਮੱਖਣ ਹੁੰਦਾ ਹੈ ਪਰ ਦਿਸਦਾ ਨਹੀਂ।"

ਗੁਰ ਜੀ ਨੇ ਇਸ ਸੰਧਰਬ ਵਿੱਚ ਇਹ ਅਲਾਹੀ ਸ਼ਬਦ ਉਚਾਰਿਆ।

"ਅੰਤਰਿ ਬਾਹਰਿ ਪੁਰਖੁ ਨਿਰੰਜਨੁ ਆਦਿ ਪੁਰਖੁ ਆਦੇਸੋ ॥
ਘਟ ਘਟ ਅੰਤਰਿ ਸਰਬ ਨਿਰੰਤਰਿ ਰਵਿ ਰਹਿਆ ਸਚੁ ਵੇਸੋ ॥" **(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ-1126)**

ਇਸ ਸ਼ਬਦ ਦੇ ਭਾਵਅਰਥ ਸੁਣ ਕੇ ਪੀਰ ਜੀ ਦੀ ਤਸੱਲੀ ਹੋ ਗਈ ਅਤੇ ਆਖਣ ਲੱਗੇ, ਮੇਰਾ ਤੀਜੇ ਸਵਾਲ, "ਅੱਲਾ ਕੀ ਕਰਦਾ ਹੈ, ਭਾਵ ਉਸ ਦਾ ਕੰਮ ਕੀ ਹੈ?" ਦਾ ਉੱਤਰ ਵੀ ਦੇਓ?

ਗੁਰੂ ਜੀ ਮੁਸਕਰਾਏ ਅਤੇ ਆਖਿਆ, "ਪੀਰ ਜੀ ਤੁਸੀਂ ਅੱਲਾ ਨੂੰ ਵੰਗਾਰ ਰਹੇ ਹੋ। ਜੇ ਤੁਸੀਂ ਸੱਚ ਮੁੱਚ ਅਲਾ ਦੇ ਕੰਮ ਜਾਨਣਾ ਚਾਹੁੰਦੇ ਹੋ ਤਾਂ ਆਪਣਾ ਸਿੰਘਾਸਣ ਛੱਡ ਕੇ ਹੇਠਾਂ ਜ਼ਮੀਨ ਤੇ ਬੈਠੋ, ਕਿਉਂਜੋ ਅਜਿਹੇ ਸਵਾਲ ਦਾ ਉੱਤਰ ਦੇਣ ਵਾਲਾ ਸਦਾ ਉੱਚੀ ਥਾਂ ਤੇ ਬੈਠਿਆ ਕਰਦਾ ਹੈ। ਇਸ ਲਈ ਮੈਂ ਤੁਹਾਡੇ ਸਿੰਘਾਸਨ ਬੈਠ ਕੇ ਤੁਹਾਡੇ ਸਵਾਲ ਦਾ ਉੱਤਰ ਦੇਵਾਂਗਾ।"

ਪੀਰ ਜੀ ਨੇ ਸੋਚਿਆ, "ਜੇ ਹੇਠਾਂ ਬੈਠਣ ਨਾਲ ਮੇਰੇ ਸਵਾਲ ਦਾ ਸਹੀ ਉੱਤਰ ਮਿਲ ਜਾਂਦਾ ਹੈ ਤਾਂ ਇਹ ਸੌਦਾ ਕੋਈ ਮਹਿੰਗਾ ਨਹੀਂ ਹੋਵੇਗਾ।" ਸੋ ਪੀਰ ਜੀ ਨੇ ਹੇਠਾਂ ਬੈਠਦਿਆਂ ਸਾਰ ਆਪਣਾ ਸਵਾਲ ਫਿਰ ਦੁਹਰਾਇਆ।

ਗੁਰੂ ਜੀ ਉਸ ਦੇ ਸਿੰਘਾਸਨ ਉੱਪਰ ਬੈਠ ਕੇ ਆਖਣ ਲੱਗੇ, "ਪੀਰ ਦਸਤਗੀਰ ਜੀ, ਰੱਬ ਇਹੀ ਕੁਝ ਕਰਦਾ ਹੈ, ਥੋੜੀ ਦੇਰ ਪਹਿਲਾਂ ਜੋ ਤਖਤ ਉਪਰ ਬੈਠਾ ਸੀ, ਉਹ ਹੁਣ ਧਰਤੀ ਤੇ ਬੈਠਾ ਹੈ ਅਤੇ ਜੋ ਧਰਤੀ ਤੇ ਬੈਠਾ ਸੀ ਉਹ ਹੁਣ ਤਖਤ ਤੇ ਬਿਰਾਜਮਾਨ ਹੈ। ਬਸ ਰੱਬ ਜੀ ਦਾ ਇਹੀ ਕੰਮ ਹੈ ਜੋ ਪਲੋ ਪਲੀ ਭਿਖਾਰੀ ਨੂੰ ਰਾਜਾ ਤੇ ਰਾਜੇ ਨੂੰ ਭੇਖਾਰੀ ਬਣਾ ਦਿੰਦਾ ਹੈ। ਕੋਈ ਮਨੁੱਖ ਉਸ ਦੀ ਸ਼ਕਤੀ ਨੂੰ ਮਿਣ-ਤੋਲ ਨਹੀਂ ਸਕਦਾ।" ਇਸ ਪ੍ਰਥਾਏ ਗੁਰੂ ਜੀ ਨੇ ਇਹ ਅਲਾਹੀ ਸ਼ਬਦ ਉਚਾਰਿਆ:-

"ਹੁਕਮੀ ਸਾਜੇ ਹੁਕਮੀ ਢਾਹੇ ਏਕ ਚਸੇ ਮਹਿ ਲਖ ॥ ਸਭੁ ਕੋ ਨਥੈ ਨਥਿਆ ਬਖਸੇ ਤੋੜੇ ਨਥ ॥" **(ਅੰਗ-1126)**

ਜਿਉਂ ਹੀ ਪੀਰ ਜੀ ਨੂੰ ਇਸ ਤੱਥ ਦੀ ਸਮਝ ਆਈ, ਉਸ ਦੀਆਂ ਅੱਖਾਂ ਵਿਚੋਂ ਆਪ ਮੁਹਾਰੇ ਹੀ ਅਥਰੂ ਵਹਿ ਤੁਰੇ ਅਤੇ ਉਸ ਨੇ ਗੁਰੂ ਜੀ ਦੇ ਚਰਨ ਅਥਰੂਆਂ ਨਾਲ ਧੋ ਦਿੱਤੇ। (ਬਗਦਾਦ ਵਿੱਚ ਜਿਸ ਸਿੰਘਾਸਨ ਉਪਰ ਗੁਰੂ ਜੀ ਬਿਰਾਜਮਾਨ ਹੋਏ ਸਨ ਉਸ ਨੂੰ 'ਅਮਰ ਸਿੰਘਾਸਨ' ਆਖਿਆ ਗਿਆ) ਉਹ ਤਖ਼ਤ "ਰਾਹੁਲ ਮਜੀਦ ਹਜ਼ਰਤ ਬਾਬਾ ਨਾਨਕ" ਰੱਬ ਦਾ ਬਖਸ਼ਿਆ ਹੋਇਆ ਹਜ਼ਰਤ ਬਾਬਾ ਨਾਨਕ) ਦੇ ਸ਼ਬਦਾਂ ਨਾਲ ਬਗਦਾਦ ਵਿੱਚ ਸੁਸ਼ੋਬਤ ਹੈ। **(ਹਵਾਲਾ: ਜਨਮ ਸਾਖੀ)**

(ਬਗਦਾਦ ਵਿੱਚ ਗੁਰੂ ਜੀ ਮਰਦਾਨਾ ਜੀ ਸਮੇਤ ਤਿੰਨ ਮਹੀਨੇ ਉੱਥੋਂ ਦੀ ਸੰਗਤ ਨੂੰ ਅਲਾਹੀ ਕੀਰਤਨ ਅਤੇ ਬਚਨਾਂ ਰਾਹੀਂ ਨਿਹਾਲ ਕਰਦੇ ਰਹੇ।)

ਨੋਟ:- 1) ਗੁਰੂ ਜੀ ਦੀ ਬਗਦਾਦ ਯਾਤਰਾ ਤੋਂ ਪਹਿਲਾਂ ਹੀ ਈਰਾਕ ਦੇ ਪੀਰ ਬਹਿਲੋਲ ਜੀ ਅਤੇ ਨਾਨਕ ਸ਼ਾਹ ਫਕੀਰ ਦੀਆਂ ਯਾਦਗਾਰਾਂ ਬਗਦਾਦ ਵਿੱਚ ਇੱਕੋ ਅਹਾਤੇ ਵਿੱਚ ਬਣੀਆਂ ਹੋਈਆਂ ਸਨ। ਕਿਉਂ ਜੋ **1510-11** ਈਸਵੀ ਵਿੱਚ ਪੀਰ ਬਹਿਲੋਲ ਅਤੇ ਖਲੀਫਾ ਸਲੀਮ ਪਹਿਲੇ ਦੇ ਪਿਤਾ ਸੁਲਤਾਨ ਬਜ਼ੀਦ ਦੂਜਾ, ਗੁਰਦੇਵ ਜੀ ਨਾਲ, ਆਪਣੀ ਭਾਰਤ ਫੇਰੀ ਸਮੇਂ 'ਅਜਮੇਰ ਸਰੀਫ' (ਰਾਜਸਥਾਨ), ਵਿੱਚ ਬਚਨ ਬਿਲਾਸ ਕਰਕੇ ਉਨ੍ਹਾਂ ਦੇ ਪ੍ਰਭਾਵ ਹੇਠ ਆ ਚੁਕੇ ਸਨ।

2) ਪਹਿਲੀ ਸੰਸਾਰ ਜੰਗ ਵੇਲੇ ਸਿੱਖ ਫੌਜੀਆਂ ਨੇ ਬਗਦਾਦ ਵਿੱਚ ਉਸੇ ਥਾਂ ਤੇ ਗੁਰਦੁਆਰਾ ਬਨਾਇਆ ਸੀ। ਜੋ ਪਿੱਛੋਂ ਸੰਭਾਲ ਨਾ ਹੋਣ ਕਰਕੇ ਢਹਿ ਗਿਆ। ਦੂਜੀ ਸੰਸਾਰ ਜੰਗ ਵੇਲੇ ਸਿੱਖ ਫੋਜੀਆਂ ਨੇ ਗੁਰਦੁਆਰਾ ਦੁਬਾਰਾ ਉਸਾਰਿਆ ਜੋ **2003** ਤੱਕ ਕਾਇਮ ਰਿਹਾ । ਉਸ ਪਿੱਛੋ ਕੱਟੜਪੰਥੀਆਂ ਨੇ ਗੁਰਦੁਆਰਾ ਢਾਹ ਦਿੱਤਾ। ਪ੍ਰੰਤੂ ਕੁਝ ਨਿਸ਼ਾਨੀਆਂ ਜ਼ਰੂਰ ਵੇਖਣ ਨੂੰ ਮਿਲਦੀਆਂ ਹਨ।


3) ਬਗਦਾਦ ਵਿੱਚ ਹਜ਼ਰਤ ਰੱਬ-ਏ-ਮਜੀਦ, ਬਾਬਾ ਨਾਨਕ, ਫਕੀਰ ਔਲੀਆ ਨਾਮੀ ਯਾਦਗਾਰ ਨੂੰ ਢੱਠੀ ਹੋਈ ਵੇਖ ਕੇ ਦਰਗਾਹ ਦੇ ਵਾਰਸ ਮੁਰਾਦ ਨੇ ਆਪਣੇ ਹਥੀਂ ਦੁਬਾਰਾ ਬਣਾਇਆ। ਅੱਜ ਵੀ ਈਰਾਕ ਵਿੱਚ ਗੁਰੂ ਨਾਨਕ ਦੇਵ ਜੀ ਦੇ ਬਹੁਤ ਸਾਰੇ ਪੈਰੋਕਾਰ ਵੇਖਣ ਨੂੰ ਮਿਲਦੇ ਹਨ। ਇਹ ਲੋਕ ਟਿਗਰਿਸ ਨਦੀ ਦੇ ਕੰਢਿਆਂ ਉੱਪਰ, ਵਿਸ਼ੇਸ਼ ਕਰ ਕੇ ਅੱਲ-ਕੁੱਟ ਅਤੇ ਬਗਦਾਦ ਵਿੱਚ ਵੀ ਵੱਸੇ ਹੋਏ ਹਨ। ਇਨ੍ਹਾਂ ਨੂੰ 'ਸੋਬੀ' ਆਖਿਆ ਜਾਂਦਾ ਹੈ। ਇਹ ਵਧੇਰੇ ਕਰ ਕੇ ਸੁਨਿਆਰਾ ਕੰਮ ਕਰਦੇ ਹਨ। ਵਿਸ਼ੇਸ਼ ਗੱਲ ਇਹ ਹੈ ਕਿ ਇਹ ਸਾਰੇ ਲੰਮੇਂ ਕੇਸ ਅਤੇ ਦਾਹੜੀ ਰਖਦੇ ਹਨ। ਹਰ ਵੇਲੇ ਬਾਬਾ ਨਾਨਕ ਜਾਂ ਬਾਬਾ ਨਾਨਾ ਨੂੰ ਯਾਦ ਕਰਦੇ ਰਹਿੰਦੇ ਹਨ। ਇਸ ਗੱਲ ਤੋਂ ਪਤਾ ਲਗਦਾ ਹੈ ਕਿ ਗੁਰੂ ਨਾਨਕ ਦੇਵ ਜੀ ਬਗਦਾਦ ਵਿੱਚ ਟਿਗਰਿਸ ਅਤੇ ਈਊਫਰੇਟ ਨਦੀਆਂ ਦੇ ਆਲੇ ਦੁਆਲੇ ਬਹੁਤ ਚਿਰ ਮਾਨਵ ਸਿਧਾਂਤਾਂ ਦਾ ਪ੍ਰਚਾਰ ਕਰਦੇ ਰਹੇ।




**ਇਹ ਸ਼ਿਲਾਲੇਖ ਅਤੇ ਯਾਦਗਾਰ ਗੁਰੂਦੇਵ ਜੀ ਦੀ ਬਗਦਾਦ ਫੇਰੀ ਨੂੰ ਪਰਪੱਕ ਕਰਦਾ ਹੈ।**



**ਗੁਰੂ ਜੀ ਬਗਦਾਦ ਤੋਂ ਅੱਗੇ ਜਾਂਦੇ ਹੋਏ।**



**ਕਰਬਾਲਾ (ਈਰਾਕ) :-** ਗੁਰੂ ਜੀ ਸੰਗਤ ਸਮੇਤ 88 ਕਿ. ਮੀ. ਚਲਦੇ ਹੋਏ ਅਲਾਹੀ ਬਚਨ ਕਰਦਿਆਂ ਰਜ਼ਾਜ਼ਾ ਝੀਲ ਦੇ ਕੋਲ ਕਰਬਾਲਾ ਦੇ ਮੈਦਾਨ ਵਿੱਚ ਪਹੁੰਚ ਗਏ। ਇਹ ਉਹ ਥਾਂ ਹੈ ਜਿੱਥੇ ਹਜ਼ਰਤ ਮੁਹੰਮਦ ਸਾਹਿਬ ਦੀ ਬੇਟੀਫਾਤਮਾ ਤੇ ਹਜ਼ਰਤ ਅਲੀ ਦੇ ਦੋ ਬੇਟੇ ਹਸਨ ਤੇ ਹੁਸੈਨ ਨੂੰ, ਉਨ੍ਹਾਂ ਦੇ 72 ਪੈਰੋਕਾਰਾਂ ਸਣੇ ਬੇ-ਰਹਿਮੀ ਨਾਲ ਕੱਟੜ ਪੰਥੀਆਂ ਵਲੋਂ ਕਤਲ ਕਰ ਦਿੱਤਾ ਗਿਆ ਸੀ। ਉਨ੍ਹਾਂ ਦੀ ਯਾਦ ਅੱਜ ਵੀ ਮੁਹਰਮ ਤੋਂ **10** ਵੇਂ ਦਿਨ ਮਨਾਈ ਜਾਂਦੀ ਹੈ। **40** ਦਿਨ ਬਾਅਦ ਪੂਰੇ ਸੰਸਾਰ ਵਿੱਚੋਂ ਸ਼ੀਆ ਮੁਸਲਮਾਨ ਇਥੇ ਇਕਠੇ ਹੋ ਕੇ ਸ਼ਹੀਦੀ ਦਿਨ ਮਨਾਉਂਦੇ ਹਨ।

**10** ਅਕੂਤੂਬਰ **680** ਈ. ਨੂੰ ਕਰਬਲਾ ਹੋਈ ਲੜਾਈ ਦੀ ਯਾਦ ਵਿੱਚ

ਇਸ ਸੰਬੰਧੀ ਗੁਰੂ ਜੀ ਨੇ ਇਹ ਅਲਾਹੀ ਸ਼ਬਦ ਉਚਾਰਿਆ:-

"ਸਰੈ ਸਰੀਅਤਿ ਕਰਹਿ ਬੀਚਾਰੁ ॥ ਬਿਨੁ ਬੂਝੇ ਕੈਸੇ ਪਾਵਹਿ ਪਾਰੁ ॥ ਸਿਦਕੁ ਕਰਿ ਸਿਜਦਾ ਮਨੁ ਕਰਿ ਮਖਸੂਦੁ ॥
ਜਿਹ ਧਿਰਿ ਦੇਖਾ ਤਿਹ ਧਿਰਿ ਮਉਜੂਦੁ ।।"

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ-84)

